Australian Government


STEM ਸਮੀਖਿਆ ਵਿੱਚ ਵਿਭਿੰਨਤਾ ਲਈ ਮਾਰਗ

# ਅੰਤਿਮ ਸਿਫ਼ਾਰਸ਼ਾਂ


## ਪੰਜਾਬੀ | Punjabi ਵਿੱਚ ਰਿਪੋਰਟ ਦਾ ਸੰਖੇਪ



**industry**.gov.au/diversityinstemreport







*ਫ਼ੋਟੋ (ਸਿਖਰ): ਅਮਾਂਡਾ ਸੀਡਹਾਊਸ। ਧੰਨਵਾਦ ਸਹਿਤ: ਸਿਡਨੀ ਕੁਆਂਟਮ ਅਕੈਡਮੀ। (ਹੇਠਲੀ ਕਤਾਰ, ਸਾਰੀਆਂ ਫ਼ੋਟੋਆਂ): STEM ਟੀਚਰ ਇਨਰਿੱਚਮੈਂਟ ਅਕੈਡਮੀ (ਯੂਨੀਵਰਸਿਟੀ ਆਫ਼ ਸਿਡਨੀ)।*

# ਤਤਕਰਾ


**STEM ਸਮੀਖਿਆ ਵਿੱਚ ਵਿਭਿੰਨਤਾ ਲਈ ਮਾਰਗ ..... 1**

**ਦੇਸ਼ ਦੀ ਮਾਨਤਾ ..... 3**

**ਪੈਨਲ ਵੱਲੋਂ ਇੱਕ ਸੁਨੇਹਾ ..... 4**

ਸੰਖੇਪ-ਸਾਰ: STEM ਵਿੱਚ ਵਿਭਿੰਨਤਾ ਦਾ ਮਾਰਗ ..... 6

STEM ਦੇ ਵੱਖ-ਵੱਖ ਮਾਰਗ ..... 7

ਸਾਨੂੰ ਇਸ ਸਮੀਖਿਆ ਦੀ ਕਿਉਂ ਲੋੜ ਹੈ ..... 8

STEM ਨੂੰ ਸਮਝਣਾ ..... 9

**ਸਿਫਾਰਿਸ਼ਾਂ ..... 10**

**ਸਰਕਾਰ ਦੁਆਰਾ ਤਾਲਮੇਲ ਅਤੇ ਅਗਵਾਈ ..... 11**

ਸਿਫ਼ਾਰਸ਼ 1 ..... 11

ਸਿਫ਼ਾਰਸ਼ 2 ..... 13

**ਸੁਰੱਖਿਅਤ ਅਤੇ ਸ਼ਮੂਲੀਅਤ ਵਾਲੇ ਕਾਰਜ ਸਥਾਨ ਬਣਾਉਣਾ ..... 14**

ਸਿਫ਼ਾਰਸ਼ 3 ..... 14

ਸਿਫ਼ਾਰਸ਼ 4 ..... 16

ਸਿਫ਼ਾਰਸ਼ 5 ..... 20

ਸਿਫ਼ਾਰਸ਼ 6 ..... 22

**ਜੀਵਨ ਭਰ ਸਿੱਖਣਾ ..... 25**

ਸਿਫ਼ਾਰਸ਼ 7 ..... 25

ਸਿਫ਼ਾਰਸ਼ 8 ..... 26

ਸਿਫ਼ਾਰਸ਼ 9 ..... 29

**ਧਾਰਨਾਵਾਂ ਨੂੰ ਬਦਲਣਾ ਅਤੇ ਵਿਭਿੰਨਤਾ ਵਾਲੇ ਗਿਆਨ ਦੀ ਕਦਰ ਕਰਨਾ ..... 32**

ਸਿਫ਼ਾਰਸ਼ 10 ..... 32

ਸਿਫ਼ਾਰਸ਼ 11 ..... 34

**STEM ਵਿੱਚ ਵਿਭਿੰਨਤਾ ਪ੍ਰੋਗਰਾਮ ਦੀ ਰਣਨੀਤੀ ..... 37**

ਉਦੇਸ਼ ..... 37

ਤੱਤ 1: STEM ਪ੍ਰੋਗਰਾਮਾਂ ਵਿੱਚ ਸਾਰੀਆਂ ਵਿਭਿੰਨਤਾਵਾਂ ਵਿੱਚ ਕੰਮ ਕਰਨ ਦੇ ਬੇਹਤਰੀਨ ਤਰੀਕੇ ਵਾਲੇ ਪ੍ਰੋਗਰਾਮ ਡਿਜ਼ਾਈਨ ਨੂੰ ਸ਼ਾਮਲ ਕਰੋ ........ 38

ਤੱਤ 2: ਮੁੱਖ ਸਿੱਖਿਆਵਾਂ ਦੇ ਆਧਾਰ 'ਤੇ STEM ਵਿੱਚ ਔਰਤਾਂ ਦੇ ਪ੍ਰੋਗਰਾਮਾਂ ਨੂੰ ਸੋਧੋ ........ 39

ਸਰਕਾਰੀ STEM ਵਿੱਚ ਔਰਤਾਂ ਦੇ ਪ੍ਰੋਗਰਾਮਾਂ ਲਈ ਸਿਫ਼ਾਰਸ਼ ਕੀਤੀਆਂ ਤਬਦੀਲੀਆਂ ........ 39

ਤੱਤ 3: ਪਾੜਿਆਂ ਨੂੰ ਦੂਰ ਕਰਨ ਲਈ ਨਵੇਂ ਪ੍ਰੋਗਰਾਮਾਂ ਦਾ ਵਿਕਾਸ ਕਰੋ ........ 42

ਪ੍ਰੋਗਰਾਮ ਦੇ ਵਿਕਾਸ ਵਿੱਚ ਹੋਰ ਵਿਚਾਰ ਕਰਨ ਲਈ ਖੇਤਰ ........ 42

# ਦੇਸ਼ ਦੀ ਮਾਨਤਾ




ਇਹ ਰਿਪੋਰਟ ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਵਿਕਸਤ ਕੀਤੀ ਗਈ ਸੀ, ਜਿਨ੍ਹਾਂ ਨੇ ਇਸ ਸਮੀਖਿਆ ਦੌਰਾਨ ਅਤੇ ਆਉਣ ਵਾਲੀਆਂ ਅਣਗਿਣਤ ਪੀੜ੍ਹੀਆਂ ਲਈ ਸਿੱਖਣ ਅਤੇ ਸੰਬੰਧਾਂ ਲਈ ਇੱਕ ਬੁਨਿਆਦ ਪ੍ਰਦਾਨ ਕੀਤੀ ਹੈ। ਇਹਨਾਂ ਸੰਬੰਧਾਂ ਨੇ ਸਾਨੂੰ ਉਹਨਾਂ ਸਾਰੇ ਖੇਤਰਾਂ ਵਿੱਚ ਰਿਸ਼ਤੇ ਬਣਾਉਣ ਦੀ ਇਜਾਜ਼ਤ ਦਿੱਤੀ ਹੈ ਜਿਸਨੂੰ ਅਸੀਂ ਹੁਣ ਆਸਟ੍ਰੇਲੀਆ ਕਹਿੰਦੇ ਹਾਂ ਅਤੇ ਫਸਟ ਨੇਸ਼ਨਜ਼ ਦੇ ਲੋਕਾਂ, ਵਿਗਿਆਨੀਆਂ ਅਤੇ ਗਿਆਨ ਧਾਰਕਾਂ ਨਾਲ ਖੁੱਲ੍ਹੀ ਗੱਲਬਾਤ ਵਿੱਚ ਸ਼ਾਮਲ ਹੋ ਸਕਦੇ ਹਾਂ, ਜਿਨ੍ਹਾਂ ਨੇ ਖੁੱਲ੍ਹੇ ਦਿਲ ਨਾਲ ਆਪਣੀਆਂ ਕਹਾਣੀਆਂ ਸਾਡੇ ਨਾਲ ਸਾਂਝੀਆਂ ਕੀਤੀਆਂ ਹਨ।

ਅਸੀਂ ਸਵੀਕਾਰ ਕਰਦੇ ਹਾਂ ਕਿ ਇਹ ਸਮੀਖਿਆ ਉਸ ਯਾਤਰਾ 'ਤੇ ਚੁੱਕਿਆ ਗਿਆ ਇੱਕ ਹੋਰ ਕਦਮ ਹੈ ਜੋ ਬਹੁਤ ਪਹਿਲਾਂ ਸ਼ੁਰੂ ਹੋਈ ਸੀ। ਫਸਟ ਨੇਸ਼ਨਜ਼ ਦੇ ਲੋਕ, ਵਿਗਿਆਨੀਆਂ ਅਤੇ ਤਕਨੀਕੀ ਮਾਹਰਾਂ ਦੇ ਸਭ ਤੋਂ ਪੁਰਾਣੇ ਨਿਰੰਤਰ ਸੱਭਿਆਚਾਰ ਦੇ ਪਰੰਪਰਾਗਤ ਨਿਗਰਾਨ ਵਜੋਂ, 65,000 ਸਾਲਾਂ ਤੋਂ ਵੱਧ ਸਮੇਂ ਤੋਂ ਜ਼ਮੀਨ, ਪਾਣੀ, ਸਮੁੰਦਰ ਅਤੇ ਅਸਮਾਨ ਦੇ ਉਪਦੇਸ਼ਾਂ ਨੂੰ ਅਗਲੀਆਂ ਪੀੜ੍ਹੀਆਂ ਨੂੰ ਦੇ ਰਹੇ ਹਨ। ਅਸੀਂ ਇਸ ਗਿਆਨ ਦੀ ਸੰਭਾਲ ਅਤੇ ਨਿਰੰਤਰਤਾ ਲਈ ਅਤੀਤ ਅਤੇ ਵਰਤਮਾਨ ਦੇ ਬਜ਼ੁਰਗਾਂ ਨੂੰ ਆਪਣਾ ਸਤਿਕਾਰ ਭੇਟ ਕਰਦੇ ਹਾਂ। ਅਸੀਂ ਇਹ ਸਨਮਾਨ ਫਸਟ ਨੇਸ਼ਨਜ਼ ਦੇ ਸਾਰੇ ਲੋਕਾਂ ਨੂੰ ਦਿੰਦੇ ਹਾਂ।

ਇਹ ਧੰਨਵਾਦ ਸਹਿਤ ਹੈ ਕਿ ਅਸੀਂ ਇਸ ਸਮੀਖਿਆ ਵਿੱਚ ਫਸਟ ਨੇਸ਼ਨਜ਼ ਦੇ ਲੋਕਾਂ ਦੀ ਮਹੱਤਵਪੂਰਨ ਭੂਮਿਕਾ, ਉਹਨਾਂ ਦੀ ਸੂਝ ਅਤੇ ਬੁੱਧੀ ਨੂੰ ਮਾਨਤਾ ਦਿੰਦੇ ਹਾਂ, ਜੋ ਇਸ ਰਿਪੋਰਟ ਦੇ ਸਾਰੇ ਪੰਨਿਆਂ ਵਿੱਚ ਬੁਣੀ ਗਈ ਹੈ। ਉਹਨਾਂ ਦੇ ਚਿਰ-ਟਿਕਾਊ ਅਭਿਆਸਾਂ, ਵਾਤਾਵਰਣ ਸੰਭਾਲ, ਅਤੇ ਸਾਡੇ ਕੰਟਰੀ ਦੀ ਦੇਖਭਾਲ ਕਰਨ ਵਾਲੇ ਸੱਭਿਆਚਾਰਕ ਦ੍ਰਿਸ਼ਟੀਕੋਣਾਂ ਨੇ ਗਿਆਨ ਪ੍ਰਣਾਲੀਆਂ ਦੇ ਇੱਕ ਵਿਭਿੰਨ ਸਮੂਹ ਵਜੋਂ STEM ਬਾਰੇ ਸਾਡੀ ਸਮਝ ਨੂੰ ਆਕਾਰ ਦੇਣ ਵਿੱਚ ਮੱਦਦ ਕੀਤੀ ਹੈ।

**ਕੰਟਰੀ ਜ਼ਮੀਨ, ਪਾਣੀ, ਸਮੁੰਦਰ ਅਤੇ ਆਕਾਸ਼ ਹੈ।**
**ਕੰਟਰੀ ਲੋਕ, ਰਿਸ਼ਤੇ ਅਤੇ ਆਪਸੀ ਸਤਿਕਾਰ ਹੈ।**
**ਕੰਟਰੀ ਗਿਆਨ, ਸੱਭਿਆਚਾਰ ਅਤੇ ਤੰਦਰੁਸਤੀ ਹੈ।**
**ਜੇਕਰ ਤੁਸੀਂ ਇਹਨਾਂ ਗੱਲਾਂ ਬਾਰੇ ਪਰਵਾਹ ਕਰਦੇ ਹੋ, ਤਾਂ ਇਹ ਰਿਪੋਰਟ ਤੁਹਾਡੇ ਲਈ ਹੈ।**

# ਪੈਨਲ ਵੱਲੋਂ ਇੱਕ ਸੁਨੇਹਾ

## ਅਸੀਂ **STEM ਵਿੱਚ ਵਿਭਿੰਨਤਾ ਲਈ ਮਾਰਗ ਦੀ ਸਮੀਖਿਆ (ਸਮੀਖਿਆ)** ਦੀ ਇਹ ਅੰਤਿਮ ਰਿਪੋਰਟ ਮਾਣ ਨਾਲ ਪੇਸ਼ ਕਰਦੇ ਹਾਂ। ਅਸੀਂ ਹਰ ਉਸ ਵਿਅਕਤੀ ਦੀ ਉਦਾਰਤਾ ਲਈ ਦਿਲੋਂ ਪ੍ਰਸ਼ੰਸਾ ਕਰਦੇ ਹਾਂ ਜਿਨ੍ਹਾਂ ਨੇ ਸਾਡੇ ਨਾਲ ਆਪਣਾ ਸਮਾਂ, ਮੁਹਾਰਤ ਅਤੇ ਨਿੱਜੀ ਕਹਾਣੀਆਂ ਸਾਂਝੀਆਂ ਕੀਤੀਆਂ ਹਨ।

ਅਸੀਂ ਇਸ ਰਿਪੋਰਟ ਵਿਚਲੀਆਂ ਸਿਫ਼ਾਰਸ਼ਾਂ ਨੂੰ ਵਿਕਸਤ ਕਰਨ ਲਈ, ਆਸਟ੍ਰੇਲੀਆ ਅਤੇ ਵਿਦੇਸ਼ਾਂ ਵਿੱਚ ਚੱਲ ਰਹੀ ਖੋਜ, ਅਤੇ ਹੋਰ ਮਹੱਤਵਪੂਰਨ ਕਾਰਜਾਂ ਤੋਂ ਸਬਮਿਸ਼ਨਾਂ ਅਤੇ ਵਾਰਤਾਲਾਪਾਂ ਦੀ ਵਰਤੋਂ ਕੀਤੀ ਹੈ।

ਅਸੀਂ ਸੁਣਿਆ (ਅਤੇ ਅਨੁਭਵ ਕੀਤਾ ਹੈ) ਕਿ STEM ਬਾਰੇ ਸਿੱਖਣਾ ਅਤੇ ਕੰਮ ਕਰਨਾ ਓਨਾ ਹੀ ਲਾਭਦਾਇਕ ਹੋ ਸਕਦਾ ਹੈ ਜਿੰਨਾ ਇਹ ਚੁਣੌਤੀਪੂਰਨ ਹੈ।

ਵਿਭਿੰਨਤਾ ਵਾਲੇ ਸਮੂਹਾਂ ਦੇ ਲੋਕ ਵਾਧੂ ਅਤੇ ਅਕਸਰ ਵਿਰੋਧਮਈ ਰੁਕਾਵਟਾਂ - ਜਿਵੇਂ ਕਿ ਉਹ ਕਿੱਥੇ ਰਹਿੰਦੇ ਹਨ ਜਾਂ ਉਨ੍ਹਾਂ ਦੀ ਸਮਾਜਿਕ-ਆਰਥਿਕ ਸਥਿਤੀ, ਉਨ੍ਹਾਂ ਦਾ ਲਿੰਗ ਪਛਾਣ ਜਾਂ ਜਿਨਸੀ ਰੁਝਾਨ, ਉਨ੍ਹਾਂ ਦੀ ਨਸਲ ਜਾਂ ਸੱਭਿਆਚਾਰ, ਜਾਂ ਉਨ੍ਹਾਂ ਦੀ ਸਰੀਰਕ ਜਾਂ ਬੋਧਾਤਮਕ ਯੋਗਤਾ ਆਦਿ ਦਾ ਸਾਹਮਣਾ ਕਰਦੇ ਹਨ।

ਨਤੀਜੇ ਵਜੋਂ, ਉਹ STEM ਵਿੱਚ ਆਪਣੀਆਂ ਇੱਛਾਵਾਂ ਅਤੇ ਰੁਚੀਆਂ ਨੂੰ ਉਸੇ ਤਰੀਕੇ ਨਾਲ ਨਹੀਂ ਅੱਗੇ ਵਧਾ ਸਕਦੇ ਹਨ ਜਿਵੇਂ ਕਿ ਉਹਨਾਂ ਦੇ ਉਹ ਸਾਥੀ ਜੋ ਇਹਨਾਂ ਚੁਣੌਤੀਆਂ ਦਾ ਸਾਹਮਣਾ ਨਹੀਂ ਕਰਦੇ ਹਨ। ਅਸੀਂ ਮੌਜੂਦਾ ਪ੍ਰਣਾਲੀਗਤ ਅਤੇ ਢਾਂਚਾਗਤ ਰੁਕਾਵਟਾਂ ਨੂੰ ਵੀ ਸਵੀਕਾਰਦੇ ਹਾਂ ਜੋ STEM ਕੈਰੀਅਰ ਨੂੰ ਅੱਗੇ ਵਧਾਉਣ ਅਤੇ ਇਸ ਵਿੱਚ ਕੰਮ ਕਰਨ ਵਾਲੇ ਲੋਕਾਂ ਨੂੰ ਬਾਹਰ ਰੱਖਦੇ ਜਾਂ ਉੱਪਰ ਵਾਧੂ ਬੋਝ ਪਾਉਂਦੇ ਹਨ।

ਜਿਹੜੇ ਲੋਕ STEM ਵਿੱਚ ਘੱਟ ਲੋਕਾਂ ਦੀ ਨੁਮਾਇੰਦਗੀ ਕਰਦੇ ਹਨ ਉਹ ਅਕਸਰ ਬਦਲਾਅ ਲਿਆਉਣ ਲਈ ਵਕਾਲਤ ਕਰਨ ਦਾ ਭਾਰ ਚੁੱਕਦੇ ਹਨ। ਇਹਨਾਂ ਲੋਕਾਂ ਵਲੋਂ ਆਪ ਕੀਤੇ ਗਏ ਅਨੁਭਵ ਦੀ ਵਰਤੋਂ ਇਹ ਜਾਣਨ ਲਈ ਮਹੱਤਵਪੂਰਨ ਹੈ ਕਿ ਉਹਨਾਂ ਵੱਲੋਂ ਭਾਗੀਦਾਰੀ ਕਰਨ ਵਿੱਚੋਂ ਰੁਕਾਵਟਾਂ ਨੂੰ ਕਿਵੇਂ ਦੂਰ ਕਰਨਾ ਹੈ। ਇਸਨੂੰ ਠੀਕ ਕਰਨ ਦਾ ਕੰਮ ਸਿਰਫ਼ ਉਨ੍ਹਾਂ ਦੇ ਮੋਢਿਆਂ 'ਤੇ ਹੀ ਨਹੀਂ ਆਉਣਾ ਚਾਹੀਦਾ ਹੈ।

ਇਸਤੋਂ ਵੀ ਵੱਧ ਮਹੱਤਵਪੂਰਨ ਗੱਲ ਇਹ ਹੈ ਕਿ, ਇਹਨਾਂ ਵਿਅਕਤੀਆਂ ਨੂੰ ਸਿੱਖਣ ਅਤੇ ਕੰਮ ਕਰਨ ਦੇ ਉਸ ਮਾਹੌਲ ਨਾਲ ਸੰਬੰਧਿਤ ਅਤੇ ਵਧਣ-ਫੁੱਲਣ ਲਈ ਨਹੀਂ ਬਦਲਣਾ ਚਾਹੀਦਾ ਹੈ ਜੋ ਉਹਨਾਂ ਦਾ ਸਮਰਥਨ ਕਰਨ ਲਈ ਨਹੀਂ ਬਣਾਏ ਗਏ ਹਨ। ਅਸੀਂ ਬਹੁਤ ਸਾਰੇ ਲੋਕਾਂ ਅਤੇ ਸੰਸਥਾਵਾਂ ਤੋਂ ਉਨ੍ਹਾਂ ਦੀ ਰਾਏ ਜਾਣੀ ਹੈ ਕਿ: ਪ੍ਰਣਾਲੀ ਨੂੰ ਬਦਲਣਾ ਚਾਹੀਦਾ ਹੈ, ਲੋਕਾਂ ਨੂੰ ਨਹੀਂ।

ਉਦਯੋਗ ਅਤੇ ਸਿੱਖਿਆ ਖੇਤਰ ਨੂੰ ਵਧੇਰੇ ਵਿਭਿੰਨਤਾ ਵਾਲੇ STEM ਕਾਰਜਬਲ ਤੋਂ ਲਾਭ ਹੋਵੇਗਾ, ਇਸ ਲਈ ਉਹਨਾਂ ਨੂੰ ਸਰਕਾਰਾਂ ਦੇ ਨਾਲ-ਨਾਲ ਆਪਣੀ ਭੂਮਿਕਾ ਵੀ ਨਿਭਾਉਣੀ ਚਾਹੀਦੀ ਹੈ। ਇਹੀ ਕਾਰਨ ਹੈ ਕਿ ਅਸੀਂ ਗ਼ੈਰ--ਸਰਕਾਰੀ ਸੰਸਥਾਵਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਕਾਰਵਾਈਆਂ ਨੂੰ ਸ਼ਾਮਲ ਕੀਤਾ ਹੈ।

ਇਸ ਰਿਪੋਰਟ ਵਿਚਲੀਆਂ ਸਿਫ਼ਾਰਸ਼ਾਂ ਸਾਡੇ ਮੌਜੂਦਾ STEM ਕਾਰਜਬਲ ਵਿੱਚ ਮੌਜੂਦ ਵਿਭਿੰਨਤਾ ਵਾਲੇ ਲੋਕਾਂ ਦਾ ਸਮਰਥਨ ਕਰਨ ਅਤੇ ਉਹਨਾਂ ਨੂੰ ਬਰਕਰਾਰ ਰੱਖਣ ਦੀ ਲੋੜ ਨੂੰ ਦਰਸਾਉਂਦੀਆਂ ਹਨ। ਅਸੀਂ ਕਿਸੇ ਨੂੰ ਗੁਆਉਣਾ ਬਰਦਾਸ਼ਤ ਨਹੀਂ ਕਰ ਸਕਦੇ ਹਾਂ। ਸਾਨੂੰ ਇੱਕ ਉਤਸੁਕ ਦਿਮਾਗ, ਸਮੱਸਿਆ-ਹੱਲ ਕਰਨ ਲਈ ਇੱਕ ਚੰਗਿਆੜੀ ਅਤੇ ਆਪਣੀ ਦੁਨੀਆਂ ਨੂੰ ਬਣਾਉਣ ਅਤੇ ਬਦਲਣ ਦੀ ਇੱਛਾ ਰੱਖਣ ਵਾਲੇ ਸਾਰੇ ਲੋਕਾਂ ਦੀ ਸਮਰੱਥਾ ਨੂੰ ਵਰਤਣਾ ਚਾਹੀਦਾ ਹੈ।

ਅਸੀਂ ਮੰਨਦੇ ਹਾਂ ਕਿ ਸਿੱਖਿਆ ਪ੍ਰਣਾਲੀ ਨੂੰ ਸੁਧਾਰਨ ਲਈ ਬਹੁਤ ਕੁੱਝ ਕਰਨ ਦੀ ਲੋੜ ਹੈ। ਸਾਨੂੰ ਲਾਜ਼ਮੀ ਤੌਰ 'ਤੇ ਸ਼ੁਰੂਆਤੀ ਬਚਪਨ ਦੀ ਸਿੱਖਿਆ ਤੋਂ ਲੈ ਕੇ ਯੂਨੀਵਰਸਿਟੀ ਪੱਧਰ ਦੀ ਸਿੱਖਿਆ ਤੱਕ, ਅਤੇ STEM ਨੌਕਰੀਆਂ ਦੇ ਅੰਦਰ ਅਤੇ ਬਾਹਰ ਦੇ ਰਸਤੇ ਵਿੱਚ

ਬਰਾਬਰੀ ਅਤੇ ਵਿਭਿੰਨਤਾ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। ਸਾਨੂੰ ਵਰਤਮਾਨ ਵਿੱਚ ਚੱਲ ਰਹੇ ਰਾਸ਼ਟਰੀ ਸਿੱਖਿਆ ਅਤੇ ਹੁਨਰ ਸੁਧਾਰਾਂ ਦੇ ਹਿੱਸੇ ਵਜੋਂ STEM ਸਿੱਖਿਆ ਵਿੱਚ ਸੁਧਾਰ ਕਰਨ ਵੱਲ ਖ਼ਾਸ ਧਿਆਨ ਦੇਣਾ ਚਾਹੀਦਾ ਹੈ।

ਸਾਨੂੰ STEM ਨੌਕਰੀਆਂ ਵਿੱਚ ਕੌਣ ਕੰਮ ਕਰ ਸਕਦਾ ਹੈ, ਅਤੇ ਕਿਸ ਨੂੰ ਕੰਮ ਕਰਨਾ ਚਾਹੀਦਾ ਹੈ, ਇਸ ਬਾਰੇ ਵਿਆਪਕ ਨਜ਼ਰੀਏ ਅਤੇ ਰੂੜ੍ਹੀਵਾਦੀ ਧਾਰਨਾਵਾਂ ਨੂੰ ਬਦਲਣ ਲਈ ਵੀ ਲਾਜ਼ਮੀ ਕੰਮ ਕਰਨਾ ਚਾਹੀਦਾ ਹੈ।

ਹਾਲਾਂਕਿ, ਇਹ ਕੋਸ਼ਿਸ਼ਾਂ ਬੇਕਾਰ ਹੋ ਜਾਣਗੀਆਂ ਜੇ ਲੋਕ ਆਪਣੇ ਕੰਮ ਵਾਲੀ ਥਾਂ 'ਤੇ ਧੱਕੇਸ਼ਾਹੀ, ਜਿਨਸੀ ਛੇੜਛਾੜ, ਨਸਲਵਾਦ ਅਤੇ ਭੇਦਭਾਵ ਨੂੰ ਸਹਿਣ ਕਰਦੇ ਹਨ।

ਅਸੀਂ ਸਿੱਧੇ ਤੌਰ 'ਤੇ ਇਸ ਸੈਕਟਰ ਦੇ ਲੋਕਾਂ ਤੋਂ ਜਾਣਿਆ ਹੈ ਜੋ ਇਨ੍ਹਾਂ ਨੁਕਸਾਨਦੇਹ ਵਿਵਹਾਰਾਂ ਤੋਂ ਨਿਰਾਸ਼ ਅਤੇ ਥੱਕੇ ਹੋਏ ਹਨ, ਜਿਨ੍ਹਾਂ ਵਿਵਹਾਰਾਂ ਦੀ ਜਾਂਚ ਨਹੀਂ ਕੀਤੀ ਜਾਂਦੀ ਹੈ। ਕਈ ਕਹਾਣੀਆਂ ਬਦਲੇ ਦੇ ਡਰ ਤੋਂ ਭਰੋਸੇ ਵਿੱਚ ਸਾਂਝੀਆਂ ਕੀਤੀਆਂ ਗਈਆਂ ਹਨ। ਇਹ ਅਸਵੀਕਾਰਨ ਯੋਗ ਗੱਲ ਹੈ।

ਸੰਸਥਾਵਾਂ ਅਤੇ ਸਰਕਾਰ ਨੂੰ ਅਜਿਹੇ ਵਿਵਹਾਰਾਂ ਨੂੰ ਖ਼ਤਮ ਕਰਨ ਲਈ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ ਜੋ ਲੋਕਾਂ ਦੁਆਰਾ STEM ਕਿੱਤੇ ਨੂੰ ਛੱਡਣ ਦਾ ਕਾਰਨ ਬਣਦੇ ਹਨ ਕਿਉਂਕਿ ਉਹ ਅਸੁਰੱਖਿਅਤ ਮਹਿਸੂਸ ਕਰਦੇ ਹਨ, ਅਤੇ ਅਸੁਰੱਖਿਅਤ ਹਨ। ਤਬਦੀਲੀ ਲਈ ਜਵਾਬਦੇਹੀ ਤੈਅ ਕਰਨੀ ਮਹੱਤਵਪੂਰਨ ਹੈ।

ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਪਹਿਲਾਂ ਹੀ STEM ਵਿੱਚ ਵਿਭਿੰਨਤਾ ਵਧਾਉਣ ਲਈ ਸ਼ਾਨਦਾਰ ਕੰਮ ਕਰ ਰਹੀਆਂ ਹਨ। ਅਸੀਂ ਇਸ ਗੱਲ ਨੂੰ ਇਸ ਰਿਪੋਰਟ ਵਿੱਚ ਕੇਸ ਅਧਿਐਨ ਦੁਆਰਾ ਦਿਖਾਇਆ ਹੈ। ਇਹ ਪਹਿਲਕਦਮੀਆਂ ਮਹੱਤਵਪੂਰਨ ਹਨ, ਪਰ ਇਹ ਇੱਕਲੀਆਂ ਆਪਣੇ-ਆਪ ਵਿੱਚ ਹੀ ਚਿਰ-ਟਿਕਾਊ ਅਤੇ ਅਰਥਪੂਰਨ ਤਬਦੀਲੀ ਦਾ ਨਤੀਜਾ ਨਹੀਂ ਲਿਆ ਸਕਦੀਆਂ ਅਤੇ ਨਾ ਹੀ ਲਿਆਉਣਗੀਆਂ। ਸਾਨੂੰ ਲਾਜ਼ਮੀ ਤੌਰ 'ਤੇ ਜਵਾਬਦੇਹੀ ਨੂੰ ਵਧਾਉਣਾ ਚਾਹੀਦਾ ਹੈ ਅਤੇ ਸੱਭਿਆਚਾਰਕ ਅਤੇ ਪ੍ਰਣਾਲੀਗਤ ਤਬਦੀਲੀ ਨੂੰ ਯਕੀਨੀ ਬਣਾਉਣ ਲਈ ਲੰਬੇ ਸਮੇਂ ਦੀ ਰਣਨੀਤਕ ਪਹੁੰਚ ਨੂੰ ਚਲਾਉਣਾ ਚਾਹੀਦਾ ਹੈ। ਆਸਟ੍ਰੇਲੀਆ ਦੀ ਸਰਕਾਰ ਕੋਲ ਇਹਨਾਂ ਯਤਨਾਂ ਦਾ ਤਾਲਮੇਲ ਅਤੇ ਅਗਵਾਈ ਕਰਨ ਦਾ ਸਪੱਸ਼ਟ ਮੌਕਾ ਹੈ।

ਇਸ ਰਿਪੋਰਟ ਵਿਚਲੀਆਂ ਸਿਫ਼ਾਰਸ਼ਾਂ ਨੂੰ ਸਹਿਯੋਗ ਨਾਲ ਵਿਕਸਿਤ ਕੀਤਾ ਗਿਆ ਸੀ। ਉਹ ਸਬੂਤਾਂ ਨਾਲ ਬਣਾਈਆਂ ਗਈਆਂ ਹਨ ਅਤੇ ਹਮਦਰਦੀ, ਜਵਾਬਦੇਹੀ, ਅਤੇ STEM ਵਿਭਿੰਨਤਾ ਅਤੇ ਸ਼ਮੂਲੀਅਤ ਵਿੱਚ ਚੱਲ ਰਹੀ ਤਰੱਕੀ ਲਈ ਜ਼ਰੂਰੀ ਸੱਭਿਆਚਾਰਕ ਤਬਦੀਲੀ ਨੂੰ ਚਲਾਉਣ ਲਈ ਨਿੱਜੀ ਕਹਾਣੀਆਂ ਦੁਆਰਾ ਆਕਾਰ ਦਿੱਤੀਆਂ ਗਈਆਂ ਹਨ। ਇਹ ਸਿਫ਼ਾਰਸ਼ਾਂ ਸਾਡੀਆਂ ਕਈ ਵਾਰਤਾਲਾਪਾਂ ਦੌਰਾਨ ਦਿੱਤੇ ਗਏ ਇੱਕ ਮਹੱਤਵਪੂਰਨ ਸੰਦੇਸ਼ ਦਾ ਸਨਮਾਨ ਕਰਦੀਆਂ ਹਨ: 'ਮੇਰੀ ਕਹਾਣੀ ਦੱਸੋ, ਪਰ ਇਸਨੂੰ ਮੇਰੇ ਬਗ਼ੈਰ ਨਾ ਦੱਸੋ'।

ਅਸੀਂ ਇੱਕ ਅਜਿਹੇ ਭਵਿੱਖ ਦੀ ਉਮੀਦ ਕਰਦੇ ਹਾਂ ਜਿੱਥੇ ਸਾਰੇ ਲੋਕਾਂ ਦਾ STEM ਵਿੱਚ ਕੈਰੀਅਰ ਬਣਾਉਣ ਲਈ ਆਪਣੀਆਂ ਇੱਛਾਵਾਂ ਨੂੰ ਅੱਗੇ ਵਧਾਉਣ ਲਈ ਸੁਆਗਤ ਅਤੇ ਸਮਰਥਨ ਕੀਤਾ ਜਾਂਦਾ ਹੈ।




**ਸੈਲੀ-ਐਨ ਵਿਲੀਅਮਜ਼**

ਮੁਖੀ, STEM ਵਿੱਚ ਵਿਭਿੰਨਤਾ ਲਈ ਮਾਰਗ ਸਮੀਖਿਆ | ਸਿਕਾਡਾ ਇਨੋਵੇਸ਼ਨਜ਼ ਦੀ ਮੁੱਖ ਕਾਰਜਕਾਰੀ ਅਧਿਕਾਰੀ





**ਮਿਕੇਲਾ ਜੇਡ**

ਮੈਂਬਰ, STEM ਵਿੱਚ ਵਿਭਿੰਨਤਾ ਲਈ ਮਾਰਗ ਸਮੀਖਿਆ | ਇਨ-ਡਿਜ਼ੀਟਲ ਦੇ ਮੁੱਖ ਕਾਰਜਕਾਰੀ ਅਧਿਕਾਰੀ ਅਤੇ ਸੰਸਥਾਪਕ





**ਡਾ. ਪਰਵਿੰਦਰ ਕੌਰ**

ਮੈਂਬਰ, STEM ਵਿੱਚ ਵਿਭਿੰਨਤਾ ਲਈ ਮਾਰਗ ਦੀ ਸਮੀਖਿਆ | ਐਸੋਸੀਏਟ ਪ੍ਰੋਫ਼ੈਸਰ ਅਤੇ ਡਾਇਰੈਕਟਰ, ਵੈਸਟਰਨ ਆਸਟ੍ਰੇਲੀਆ ਯੂਨੀਵਰਸਿਟੀ ਵਿਖੇ DNA ਚਿੜੀਆਘਰ ਆਸਟ੍ਰੇਲੀਆ

# ਸੰਖੇਪ-ਸਾਰ: STEM ਵਿੱਚ ਵਿਭਿੰਨਤਾ ਦਾ ਮਾਰਗ

**ਇਹ STEM ਵਿੱਚ ਵਿਭਿੰਨਤਾ ਲਈ ਮਾਰਗ ਦੀ ਸਮੀਖਿਆ ਦੀ ਅੰਤਿਮ ਰਿਪੋਰਟ ਦਾ ਪੰਜਾਬੀ ਸੰਖੇਪ ਸਾਰ ਹੈ। ਇਸ ਵਿੱਚ ਮੁੱਖ ਸਹਾਇਕ ਜਾਣਕਾਰੀ ਅਤੇ ਸੰਦਰਭ ਦੇ ਨਾਲ, ਪੈਨਲ ਦੀਆਂ ਸਿਫ਼ਾਰਸ਼ਾਂ ਦਾ ਪੂਰਾ ਗੁੱਟ ਸ਼ਾਮਲ ਹੈ। ਤੁਸੀਂ ਇਸ ਪੈਨਲ ਦੀ ਪੂਰੀ ਰਿਪੋਰਟ ਨੂੰ ਅੰਗਰੇਜ਼ੀ ਵਿੱਚ industry.gov.au/diversityinstemreport 'ਤੇ ਪੜ੍ਹ ਸਕਦੇ ਹੋ।**

ਇਸ ਸਮੀਖਿਆ ਨੇ ਉਜਾਗਰ ਕੀਤਾ ਹੈ ਕਿ STEM ਵਿੱਚ ਵਿਭਿੰਨਤਾ ਨੂੰ ਵਧਾਉਣ ਲਈ ਵਧੇਰੇ ਉਤਸ਼ਾਹੀ ਅਤੇ ਰਣਨੀਤਕ ਕਾਰਵਾਈ ਦੀ ਲੋੜ ਹੈ। ਉਦਯੋਗ, ਸਰਕਾਰਾਂ, ਸਿੱਖਿਆ ਖੇਤਰ, ਗ਼ੈਰ-ਮੁਨਾਫ਼ਾਕਾਰੀ ਅਦਾਰੇ ਅਤੇ ਲੋਕਾਂ ਸਾਰਿਆਂ ਨੇ ਆਪੋ-ਆਪਣੀ ਭੂਮਿਕਾ ਨਿਭਾਉਣੀ ਹੈ।

ਇਸ ਰਿਪੋਰਟ ਵਿੱਚ 11 ਵਿਸਤਾਰ-ਪੂਰਵਕ ਸਿਫ਼ਾਰਸ਼ਾਂ ਹਨ ਜਿਨ੍ਹਾਂ ਦਾ ਉਦੇਸ਼ ਆਸਟ੍ਰੇਲੀਆ ਦੀ STEM ਪ੍ਰਣਾਲੀ ਦੀ ਵਿਭਿੰਨਤਾ ਨੂੰ ਵਧਾਉਣ ਲਈ ਢਾਂਚਾਗਤ ਅਤੇ ਸੱਭਿਆਚਾਰਕ ਤਬਦੀਲੀਆਂ ਕਰਨਾ ਹੈ। ਇਹਨਾਂ ਵਿੱਚ ਸ਼ਾਮਲ ਹਨ:

1. **ਆਸਟ੍ਰੇਲੀਆਈ ਸਰਕਾਰ** STEM ਵਿੱਚ ਵਿਭਿੰਨਤਾ ਅਤੇ ਸ਼ਮੂਲੀਅਤ ਨੂੰ ਵਧਾਉਣ ਲਈ ਇੱਕ ਸਮੁੱਚੀ-ਸਰਕਾਰੀ, ਲੰਬੀ-ਮਿਆਦ ਦੀ ਰਣਨੀਤੀ ਲਈ ਵਚਨਬੱਧ ਹੈ, ਜਿਸ ਵਿੱਚ ਸਮਰਪਿਤ ਸਰਕਾਰੀ ਸਰੋਤਾਂ ਦੁਆਰਾ ਸਮਰਥਤ ਇੱਕ ਸਮਰਪਿਤ ਸਲਾਹਕਾਰ ਕੌਂਸਲ ਦੀ ਸਥਾਪਨਾ ਵੀ ਸ਼ਾਮਲ ਹੈ।
2. **ਆਸਟ੍ਰੇਲੀਆਈ ਸਰਕਾਰ** ਸਾਰੇ ਪ੍ਰੋਗਰਾਮਾਂ ਵਿੱਚ ਸਰਵੋਤਮ ਕੰਮ ਕਰਨ ਦੇ ਤਰੀਕਿਆਂ ਵਾਲੇ ਪ੍ਰੋਗਰਾਮ ਡਿਜ਼ਾਈਨ ਕਰਨ ਵਾਲੇ ਤੱਤਾਂ ਨੂੰ ਮਜ਼ਬੂਤੀ ਅਤੇ ਡੂੰਘਾਈ ਨਾਲ ਜੜ੍ਹਕੇ, ਮੌਜੂਦਾ STEM ਵਿੱਚ ਔਰਤਾਂ ਪ੍ਰੋਗਰਾਮ ਸੂਟ ਵਿੱਚ ਤਬਦੀਲੀਆਂ ਕਰਕੇ, ਅਤੇ ਘੱਟ ਨੁਮਾਇੰਦਗੀ ਵਾਲੇ ਸਮੂਹਾਂ ਲਈ ਰੁਕਾਵਟਾਂ ਨੂੰ ਹੱਲ ਕਰਨ ਵਾਲੇ ਨਵੇਂ ਪ੍ਰੋਗਰਾਮਾਂ ਦੀ ਸਥਾਪਨਾ ਕਰਕੇ ਸਾਬਤ ਹੋ ਚੁੱਕੇ ਪ੍ਰਭਾਵ ਦੇ ਨਾਲ STEM ਪ੍ਰੋਗਰਾਮਾਂ ਵਿੱਚ ਵਿਭਿੰਨਤਾ ਦਾ ਇੱਕ ਸੂਟ ਸਥਾਪਤ ਕਰ ਰਹੀ ਹੈ।
3. **STEM ਕਾਮਿਆਂ ਨੂੰ ਨੌਕਰੀ ਦੇਣ ਵਾਲੀ ਹਰ ਆਸਟ੍ਰੇਲੀਆਈ ਸੰਸਥਾ** ਨਸਲਵਾਦ ਸਮੇਤ ਧੱਕੇਸ਼ਾਹੀ, ਤੰਗ-ਪ੍ਰੇਸ਼ਾਨ ਕੀਤੇ ਜਾਣ ਅਤੇ ਭੇਦਭਾਵ ਨੂੰ ਖ਼ਤਮ ਕਰਨ ਲਈ ਵਚਨਬੱਧ ਹੈ।
4. **STEM ਕਾਮਿਆਂ ਨੂੰ ਰੁਜ਼ਗਾਰ ਦੇਣ ਵਾਲੀ ਹਰ ਆਸਟ੍ਰੇਲੀਆਈ ਸੰਸਥਾ** ਘੱਟ-ਨੁਮਾਇੰਦਗੀ ਵਾਲੇ ਸਮੂਹਾਂ ਦੀ ਆਕਰਸ਼ਿਤ ਕਰਨ, ਬਰਕਰਾਰ ਰੱਖਣ ਅਤੇ ਪ੍ਰਚਾਰ ਕਰਨ ਦੀ ਯੋਜਨਾ ਨੂੰ ਅਪਣਾਉਂਦੀ ਹੈ, ਜਨਤਕ ਕਰਦੀ ਹੈ ਅਤੇ ਲਾਗੂ ਕਰਦੀ ਹੈ।
5. **ਆਸਟ੍ਰੇਲੀਆਈ ਸਰਕਾਰ** STEM-ਸੰਬੰਧਿਤ ਪ੍ਰੋਗਰਾਮਾਂ ਲਈ ਗ੍ਰਾਂਟ ਅਤੇ ਖ਼ਰੀਦ ਪ੍ਰਕਿਰਿਆਵਾਂ ਨੂੰ ਬਦਲ ਕੇ, ਇਸ ਰਿਪੋਰਟ ਵਿਚਲੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਲਈ ਸੰਸਥਾਵਾਂ ਦੀ ਮੱਦਦ ਕਰਨ ਲਈ ਮਾਰਗਦਰਸ਼ਨ ਪ੍ਰਦਾਨ ਕਰਕੇ, ਅਤੇ ਕਾਨੂੰਨ ਜਾਂ ਹੋਰ ਵਿੱਤੀ ਪ੍ਰਬੰਧਾਂ ਵਿੱਚ ਤਬਦੀਲੀਆਂ ਵਰਗੀਆਂ ਹੋਰ ਤਬਦੀਲੀਆਂ ਦੀ ਲੋੜ ਦੀ ਜਾਂਚ ਕਰਕੇ ਆਸਟ੍ਰੇਲੀਆਈ STEM ਕਾਰਜ ਸਥਾਨਾਂ ਨੂੰ ਸੁਰੱਖਿਅਤ, ਵਧੇਰੇ ਵਿਭਿੰਨ ਅਤੇ ਸ਼ਮੂਲੀਅਤ ਵਾਲਾ ਬਣਾ ਰਹੀ ਹੈ।
6. **ਆਸਟ੍ਰੇਲੀਆਈ ਸਰਕਾਰ** *2023 ਦੀ ਪ੍ਰਵਾਸ ਪ੍ਰਣਾਲੀ ਦੀ ਸਮੀਖਿਆ* ਦੇ ਜਵਾਬ ਵਿੱਚ ਕਿਸੇ ਵੀ ਰਣਨੀਤੀ ਨੂੰ ਲਾਗੂ ਕਰਨ ਵਿੱਚ STEM 'ਤੇ ਧਿਆਨ ਕੇਂਦਰਿਤ ਕਰਦੀ ਹੈ।
7. **ਆਸਟ੍ਰੇਲੀਆਈ ਸਰਕਾਰ** ਸਕੂਲਾਂ ਵਿੱਚ STEM ਹੁਨਰਾਂ ਅਤੇ ਵਿਸ਼ਿਆਂ ਵਿੱਚ ਭਾਗੀਦਾਰੀ ਅਤੇ ਪ੍ਰਾਪਤੀ ਨੂੰ ਬਿਹਤਰ ਬਣਾਉਣ ਲਈ ਰਾਜਾਂ ਅਤੇ ਪ੍ਰਦੇਸ਼ਾਂ ਨਾਲ ਮਿਲਕੇ ਕੰਮ ਕਰ ਰਹੀ ਹੈ।
8. **ਆਸਟ੍ਰੇਲੀਆਈ ਸਰਕਾਰ** STEM ਨੂੰ ਅਜਿਹੇ ਤਰੀਕੇ ਨਾਲ ਸਿਖਾਉਣ ਲਈ ਅਧਿਆਪਕਾਂ ਨੂੰ ਤਿਆਰ ਅਤੇ ਸਹਾਇਤਾ ਕਰ ਰਹੀ ਹੈ ਜੋ ਵਿਭਿੰਨ ਸਮੂਹਾਂ ਦੀਆਂ ਲੋੜਾਂ ਪ੍ਰਤੀ ਝਟਪਟ ਸਕਾਰਾਤਮਕ ਜਵਾਬ ਦਿੰਦੇ ਹੈ।
9. **ਆਸਟ੍ਰੇਲੀਆਈ ਸਰਕਾਰ** ਰਾਜਾਂ ਅਤੇ ਪ੍ਰਦੇਸ਼ਾਂ ਨਾਲ ਮਿਲਕੇ ਕੰਮ ਕਰ ਰਹੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਰਾਸ਼ਟਰੀ ਯੂਨੀਵਰਸਿਟੀ ਪੱਧਰ ਦੇ ਸਿੱਖਿਆ ਸੁਧਾਰ ਘੱਟ-ਨੁਮਾਇੰਦਗੀ ਵਾਲੇ ਸਮੂਹਾਂ ਦੀ STEM ਸਿੱਖਿਆ ਵਿੱਚ ਪਹੁੰਚ, ਭਾਗੀਦਾਰੀ ਅਤੇ ਪ੍ਰਾਪਤੀ ਨੂੰ ਵਧਾਉਂਦੇ ਹਨ।
10. **ਆਸਟ੍ਰੇਲੀਆਈ ਸਰਕਾਰ** ਫਸਟ ਨੇਸ਼ਨਜ਼ ਦੇ ਵਿਗਿਆਨੀਆਂ ਅਤੇ ਖੋਜਕਰਤਾਵਾਂ ਨੂੰ ਉਹਨਾਂ ਪ੍ਰੋਜੈਕਟਾਂ ਲਈ ਸਰਕਾਰੀ ਫੰਡਿੰਗ ਲਈ ਅਰਜ਼ੀ ਦੇਣ ਲਈ ਤਰਜੀਹ ਦੇ ਰਹੀ ਹੈ ਜੋ ਫਸਟ ਨੇਸ਼ਨਜ਼ ਦੇ ਗਿਆਨ ਅਤੇ ਜਾਣਕਾਰੀ ਪ੍ਰਣਾਲੀਆਂ ਨੂੰ ਪ੍ਰਭਾਵਿਤ ਕਰਦੇ ਹਨ ਜਾਂ ਉਹਨਾਂ ਦੀ ਵਰਤੋਂ ਕਰਦੇ ਹਨ, ਅਤੇ ਫਸਟ ਨੇਸ਼ਨਜ਼ ਦੇ ਗਿਆਨ ਨੂੰ ਉੱਚਾ ਚੁੱਕਣ ਲਈ ਹੋਰ ਤਰੀਕੇ ਵਿਕਸਿਤ ਕਰਨ ਲਈ ਫਸਟ

ਨੇਸ਼ਨਜ਼ ਭਾਈਚਾਰਿਆਂ ਨਾਲ ਕੰਮ ਕਰਦੇ ਹਨ; ਅਤੇ ਅਕਾਦਮਿਕ ਭਾਈਚਾਰੇ ਅਤੇ ਪਰੰਪਰਾਗਤ ਗਿਆਨ ਧਾਰਕਾਂ ਨਾਲ ਕੰਮ ਕਰ ਰਹੀਆਂ **ਸਿੱਖਿਅਤ ਅਕਾਦਮੀਆਂ** ਤਾਂ ਜੋ ਵਿਗਿਆਨ ਅਤੇ ਖੋਜ ਪ੍ਰਣਾਲੀਆਂ ਵਿੱਚ ਫਸਟ ਨੇਸ਼ਨਜ਼ ਦੇ ਗਿਆਨ ਨੂੰ ਬੁਣਨ ਲਈ ਸਤਿਕਾਰ, ਜਾਗਰੂਕਤਾ ਅਤੇ ਸਰਵੋਤਮ ਕੰਮ ਕਰਨ ਦੇ ਤਰੀਕਿਆਂ ਨੂੰ ਪੈਦਾ ਕੀਤਾ ਜਾ ਸਕੇ।

11. **ਆਸਟ੍ਰੇਲੀਆਈ ਸਰਕਾਰ** STEM ਵਿੱਚ ਕੈਰੀਅਰ ਲਈ ਮੌਕਿਆਂ ਅਤੇ ਸੰਭਾਵਨਾਵਾਂ 'ਤੇ ਜ਼ੋਰ ਦੇਣ ਲਈ STEM ਵਿੱਚ ਵਿਭਿੰਨਤਾ ਦੀ ਜਾਗਰੂਕਤਾ, ਦਿੱਖ ਅਤੇ ਮਹੱਤਤਾ ਨੂੰ ਵਧਾਉਣ ਲਈ ਇੱਕ ਸੰਚਾਰ ਅਤੇ ਆਊਟਰੀਚ ਰਣਨੀਤੀ ਵਿਕਸਿਤ ਕਰ ਰਹੀ ਹੈ।


## STEM ਦੇ ਵੱਖ-ਵੱਖ ਮਾਰਗ

ਇਹ ਮਾਰਗ STEM ਸਿੱਖਿਆ ਵਿੱਚ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਲਈ ਅਧਿਆਪਕਾਂ ਦਾ ਉਹਨਾਂ ਤਰੀਕਿਆਂ ਨਾਲ ਸਮਰਥਨ ਕਰਨ ਦੁਆਰਾ ਸ਼ੁਰੂ ਹੁੰਦਾ ਹੈ, ਜੋ ਦਿਲਚਸਪ ਅਤੇ ਝਟਪਟ ਸਕਾਰਾਤਮਕ ਜਵਾਬ ਦਿੰਦੇ ਹਨ। STEM ਸਿੱਖਿਆ ਨਾਲ ਸਕਾਰਾਤਮਕ ਅਨੁਭਵ ਅਤੇ ਅਸਲ ਸੰਸਾਰ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਯੋਗਤਾ, ਵਿਸ਼ੇ ਅਤੇ ਕੈਰੀਅਰ ਦੀ ਚੋਣ ਨੂੰ ਪ੍ਰਭਾਵਿਤ ਕਰ ਸਕਦੀ ਹੈ। ਇਸ ਲਈ ਵਧੇਰੇ ਵਿਭਿੰਨਤਾ ਵਾਲੇ STEM ਅਧਿਆਪਕਾਂ ਦੀ ਵੀ ਲੋੜ ਹੈ ਜੋ ਰੋਲ ਮਾਡਲ ਵਜੋਂ ਕੰਮ ਕਰ ਸਕਦੇ ਹਨ।

ਰੂੜੀਵਾਦੀ ਧਾਰਨਾਵਾਂ ਅਤੇ ਨਜ਼ਰੀਏ ਉਹਨਾਂ ਚੋਣਾਂ ਨੂੰ ਪ੍ਰਭਾਵਿਤ ਕਰਦੇ ਹਨ ਜੋ ਲੋਕ ਆਪਣੀ ਪੜ੍ਹਾਈ ਅਤੇ ਕੈਰੀਅਰ ਬਾਰੇ ਕਰਦੇ ਹਨ। ਕਾਰਜ ਸਥਾਨਾਂ ਨੂੰ ਸੁਰੱਖਿਅਤ ਬਣਾਇਆ ਜਾ ਸਕਦਾ ਹੈ, ਅਤੇ ਉੱਥੇ ਜਾਣ ਦੇ ਰਸਤੇ ਵਧੇਰੇ ਲਚਕਦਾਰ ਅਤੇ ਪਹੁੰਚਯੋਗ ਹੋ ਸਕਦੇ ਹਨ। ਹਾਲਾਂਕਿ, ਇਹ ਕੋਸ਼ਿਸ਼ਾਂ ਸੀਮਤ ਹੋ ਜਾਣਗੀਆਂ ਜੇਕਰ ਵਿਭਿੰਨ ਸਮੂਹਾਂ ਦੇ ਲੋਕ ਇਹ ਨਹੀਂ ਮੰਨਦੇ ਕਿ ਉਹ STEM ਬਾਰੇ ਸਮਾਜ ਦੇ ਵਿਚਾਰਾਂ ਦੇ ਕਾਰਨ STEM ਕਰ ਸਕਦੇ ਹਨ, ਜਾਂ ਕਰਨਾ ਚਾਹੀਦਾ ਹੈ, ਅਤੇ ਇਹ ਕੌਣ ਕਰਦੇ ਹਨ। ਇਸਨੂੰ ਹੱਲ ਕਰਨ ਲਈ STEM ਸਿੱਖਿਆ, ਖੋਜ ਅਤੇ ਕੰਮ ਕਰਨ ਦੇ ਤਰੀਕਿਆਂ ਵਿੱਚ ਫਸਟ ਨੇਸ਼ਨਜ਼ ਦੇ ਗਿਆਨ ਦੀ ਕਦਰ ਕਰਨ ਲਈ ਇੱਕ ਸਮਰਪਿਤ, ਫਸਟ ਨੇਸ਼ਨਜ਼ ਦੇ ਲੋਕਾਂ ਦੀ ਅਗਵਾਈ ਵਾਲੀ ਕੋਸ਼ਿਸ਼ ਲਾਜ਼ਮੀ ਹੈ।

ਉਚੇਰੀ ਸਿੱਖਿਆ ਵਿੱਚ ਪਹੁੰਚ ਅਤੇ ਸ਼ਮੂਲੀਅਤ ਨੂੰ ਬਿਹਤਰ ਬਣਾਉਣ ਲਈ ਯੂਨੀਵਰਸਿਟੀਆਂ ਵੱਲੋਂ ਚੰਗਾ ਕੰਮ ਕੀਤਾ ਜਾ ਰਿਹਾ ਹੈ। ਹਾਲਾਂਕਿ ਸੁਧਾਰ ਲਈ ਜਗ੍ਹਾ ਹੈ, ਇਹ ਮਾਰਗ ਹਰ ਕਿਸੇ ਲਈ ਉਹਨਾਂ ਦੇ ਜੀਵਨ ਦੇ ਹਰ ਪੜਾਅ 'ਤੇ ਸ਼ਾਇਦ ਸਹੀ ਨਹੀਂ ਹੋ ਸਕਦਾ ਹੈ। ਇਸਦਾ ਮਤਲਬ STEM ਸਿੱਖਿਆ ਲਈ ਜੀਵਨ ਭਰ ਸਿੱਖਣ ਦੀ ਪਹੁੰਚ ਅਪਣਾਉਣੀ ਹੈ।

ਸਿਰਫ਼ ਸਕੂਲ ਮੁਕੰਮਲ ਕਰਕੇ ਜਾ ਰਹੇ ਨੌਜਵਾਨ ਹੀ ਨਹੀਂ, ਬਲਿਕ ਹਰ ਕੋਈ ਉਮਰ, ਕੈਰੀਅਰ ਦੇ ਪੜਾਅ, ਉਹ ਕਿੱਥੇ ਰਹਿੰਦੇ ਹਨ, ਜਾਂ ਉਹਨਾਂ ਦੀ ਪਛਾਣ ਕਿਵੇਂ ਕੀਤੀ ਜਾਂਦੀ ਹੈ, ਦੀ ਪਰਵਾਹ ਕੀਤੇ ਬਿਨਾਂ ਉੱਚ-ਗੁਣਵੱਤਾ STEM ਸਿੱਖਿਆ ਦੇ ਮੌਕੇ ਆਸਾਨੀ ਨਾਲ ਲੱਭਣ ਅਤੇ ਉਹਨਾਂ ਤੱਕ ਪਹੁੰਚ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਲਚਕੀਲੇ ਸਿੱਖਿਆ ਮਾਰਗ ਘੱਟ-ਨੁਮਾਇੰਦਗੀ ਵਾਲੇ ਸਮੂਹਾਂ ਦੇ ਲੋਕਾਂ ਨੂੰ ਪਹਿਲੀ ਵਾਰ STEM ਕੈਰੀਅਰ ਵਿੱਚ ਦਾਖਲ ਹੋਣ ਜਾਂ ਉਦਯੋਗ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲੇ ਨਵੇਂ ਹੁਨਰ ਹਾਸਲ ਕਰਨ ਵਿੱਚ ਮੱਦਦ ਕਰ ਸਕਦੇ ਹਨ। ਇਸ ਵਿੱਚ STEM ਕਿੱਤਾਮੁਖੀ ਅਤੇ ਸਿੱਖਿਆ ਵਿਕਲਪਾਂ ਨੂੰ ਬਿਹਤਰ ਬਣਾਉਣਾ, ਅਤੇ ਉੱਚ-ਗੁਣਵੱਤਾ ਵਾਲੇ ਛੋਟੇ ਕੋਰਸ ਸ਼ਾਮਲ ਹਨ ਤਾਂ ਜੋ ਲੋਕਾਂ ਨੂੰ ਹੁਨਰ ਵਧਾਉਣ ਜਾਂ ਨਵੇਂ ਹੁਨਰ ਪ੍ਰਾਪਤ ਕਰਨ ਵਿੱਚ ਮੱਦਦ ਕੀਤੀ ਜਾ ਸਕੇ।



*ਫ਼ੋਟੋ ਲਈ ਧੰਨਵਾਦ: ਇੰਜੀਨੀਅਰਜ਼ ਆਸਟ੍ਰੇਲੀਆ*

## ਸਾਨੂੰ ਇਸ ਸਮੀਖਿਆ ਦੀ ਕਿਉਂ ਲੋੜ ਹੈ

ਉੱਭਰ ਰਹੇ ਉਦਯੋਗਾਂ ਵਿੱਚ STEM-ਹੁਨਰਮੰਦ ਕਰਮਚਾਰੀਆਂ ਦੀ ਵੱਧਦੀ ਮੰਗ ਨੂੰ ਪੂਰਾ ਕਰਨ ਲਈ ਵਿਭਿੰਨਤਾ ਅਤੇ ਸ਼ਮੂਲੀਅਤ ਵਾਲੇ STEM ਸੈਕਟਰ ਮਹੱਤਵਪੂਰਨ ਹਨ। ਇਸ ਵਿੱਚ ਆਸਟ੍ਰੇਲੀਆ ਨੂੰ 2030 ਤੱਕ 12 ਲੱਖ ਤਕਨੀਕ-ਸੰਬੰਧਿਤ ਨੌਕਰੀਆਂ ਦੇ ਟੀਚੇ ਤੱਕ ਪਹੁੰਚਣ ਵਿੱਚ ਮੱਦਦ ਕਰਨਾ ਸ਼ਾਮਲ ਹੈ।

ਆਸਟ੍ਰੇਲੀਆਈ ਸਰਕਾਰ ਦੀ 2023 ਦੀ *2063 ਤੱਕ ਆਸਟ੍ਰੇਲੀਆ ਦੇ ਭਵਿੱਖ ਦੀ ਇੰਟਰਜਨਰੇਸ਼ਨਲ ਰਿਪੋਰਟ ਵਿੱਚ*ਕਿਹਾ ਗਿਆ ਹੈ ਕਿ ਡਿਜ਼ੀਟਲ ਤਕਨਾਲੋਜੀਆਂ ਦੀ ਵਿਸਤ੍ਰਿਤ ਵਰਤੋਂ ਤੋਂ ਲੈ ਕੇ ਦੇਖਭਾਲ ਅਤੇ ਸਹਾਇਤਾ ਸੇਵਾਵਾਂ ਦੀ ਵੱਧਦੀ ਮੰਗ, ਜਲਵਾਯੂ ਤਬਦੀਲੀ, ਅਤੇ ਸ਼ੁੱਧ ਜ਼ੀਰੋ ਗੈਸ ਨਿਕਾਸੀ ਪਰਿਵਰਤਨ ਤੱਕ, ਆਸਟ੍ਰੇਲੀਆ ਦੀ ਆਰਥਿਕਤਾ ਨੂੰ ਆਕਾਰ ਦੇਣ ਵਾਲੀਆਂ ਤਾਕਤਾਂ ਦਾ ਜਵਾਬ ਦੇਣ ਲਈ STEM ਹੁਨਰਾਂ ਦੀ ਲੋੜ ਹੈ।[1]

ਇਹ ਹੁਨਰ ਨਵਿਆਉਣਯੋਗ ਅਤੇ ਘੱਟ ਨਿਕਾਸੀ ਤਕਨੀਕਾਂ, ਮੈਡੀਕਲ ਵਿਗਿਆਨ ਅਤੇ ਦੇਸ਼ ਸੁਰੱਖਿਆ ਸਮਰੱਥਾ ਵਰਗੇ ਖੇਤਰਾਂ ਵਿੱਚ ਆਸਟ੍ਰੇਲੀਆ ਦੀ ਆਰਥਿਕਤਾ ਨੂੰ ਵਿਭਿੰਨ ਕਰ ਅਤੇ ਬਦਲ ਸਕਦੇ ਹਨ। ਆਸਟ੍ਰੇਲੀਆ ਦੀ STEM ਸਮਰੱਥਾ ਨੂੰ ਵਧਾਉਣ ਲਈ, ਮੌਕਿਆਂ ਨੂੰ ਵਧਾਉਣ ਅਤੇ ਨੁਕਸਾਨ ਨੂੰ ਦੂਰ ਕਰਨ ਲਈ ਨਵੀਆਂ ਪਹੁੰਚਾਂ ਦੀ ਲੋੜ ਹੋਵੇਗੀ।[2]

ਜੌਬਸ ਐਂਡ ਸਕਿੱਲਜ਼ ਆਸਟ੍ਰੇਲੀਆ ਦੀ 2023 ਦੀ *ਨੌਕਰੀਆਂ ਅਤੇ ਹੁਨਰਾਂ ਦੀ ਰਿਪੋਰਟ ਨੇ* ਖੁਲਾਸਾ ਕੀਤਾ ਹੈ ਕਿ ਭਵਿੱਖ ਦੀਆਂ ਹੁਨਰ ਲੋੜਾਂ STEM-ਸੰਬੰਧਿਤ ਕਿੱਤਿਆਂ ਦੇ ਆਲੇ-ਦੁਆਲੇ ਕੇਂਦਰਿਤ ਹਨ। 2033 ਤੱਕ ਪੇਸ਼ੇਵਰ, ਵਿਗਿਆਨਕ ਅਤੇ ਤਕਨੀਕੀ ਸੇਵਾਵਾਂ ਵਿੱਚ ਨੌਕਰੀਆਂ ਦੇ 233,600 ਲੋਕਾਂ ਦੁਆਰਾ ਵਧਣ ਦੀ ਉਮੀਦ ਹੈ।[3]

ਇਹ ਹੁਨਰ ਪ੍ਰਦਾਨ ਕਰਨ ਲਈ ਲੋੜੀਂਦੇ ਲੋਕ ਇਹ ਸਿੱਖਿਆ ਮਾਰਗ ਨਹੀਂ ਅਪਣਾ ਰਹੇ ਹਨ। STEM ਸਿੱਖਿਆ ਅਤੇ ਕਰਮਚਾਰੀਆਂ ਦੀ ਭਾਗੀਦਾਰੀ ਵਿੱਚ ਲਗਾਤਾਰ ਅਸੰਤੁਲਨ ਬਰਕਰਾਰ ਹਨ। ਉਦਾਹਰਨ ਲਈ:

- 2012 ਤੋਂ 68% ਭਾਗੀਦਾਰੀ ਵਧਣ ਦੇ ਬਾਵਜੂਦ ਔਰਤਾਂ ਅਜੇ ਵੀ STEM ਕਾਰਜਬਲ ਦੇ ਸਿਰਫ਼ 15% ਹਿੱਸੇ ਦੀ ਨੁਮਾਇੰਦਗੀ ਕਰਦੀਆਂ ਹਨ।[4] ਪੰਜ ਵਿੱਚੋਂ ਇੱਕ ਔਰਤ ਵਿਗਿਆਨੀ ਨੇ ਸੰਕੇਤ ਦਿੱਤਾ ਹੈ ਕਿ ਉਹ ਆਪਣਾ ਕਿੱਤਾ ਛੱਡਣ ਦੀ ਯੋਜਨਾ ਬਣਾ ਰਹੀ ਹੈ।[5]
- ਔਰਤਾਂ 12ਵੀਂ ਜਮਾਤ ਦੇ STEM ਦਾਖਲਿਆਂ ਵਿੱਚ 47% ਹਿੱਸਾ ਬਣਦੀਆਂ ਹਨ, ਪਰ ਇਹ ਇੰਜੀਨੀਅਰਿੰਗ (23%) ਅਤੇ ਤਕਨਾਲੋਜੀ (24%) ਵਿੱਚ ਖ਼ਾਸ ਤੌਰ 'ਤੇ ਘੱਟ ਹਨ।[6]
- 2021 ਵਿੱਚ ਫਸਟ ਨੇਸ਼ਨਜ਼ ਦੇ 1% ਤੋਂ ਘੱਟ ਲੋਕਾਂ ਕੋਲ ਯੂਨੀਵਰਸਿਟੀ ਪੱਧਰ ਦੀ STEM ਯੋਗਤਾ ਹੈ, ਅਤੇ 5% ਤੋਂ ਘੱਟ ਲੋਕਾਂ ਕੋਲ ਕਿੱਤਾਮੁਖੀ ਸਿੱਖਿਆ ਅਤੇ ਸਿਖਲਾਈ (ਵੋਕੇਸ਼ਨਲ ਐਜੂਕੇਸ਼ਨ ਐਂਡ ਟਰੇਨਿੰਗ, VET) STEM ਯੋਗਤਾ ਹੈ।[7]

STEM ਸਿੱਖਿਆ ਅਤੇ ਨੌਕਰੀਆਂ ਵਿੱਚ ਹੋਰ ਘੱਟ-ਨੁਮਾਇੰਦਗੀ ਵਾਲੇ ਸਮੂਹਾਂ ਦੀ ਭਾਗੀਦਾਰੀ ਨੂੰ ਸਮਝਣ ਲਈ ਬਿਹਤਰ ਡੇਟਾ ਦੀ ਲੋੜ ਹੈ।

---

[1] ਖਜ਼ਾਨਾ ਵਿਭਾਗ (2003)। *ਇੰਟਰਜਨਰੇਸ਼ਨਲ (ਅੰਤਰ-ਪੀੜ੍ਹੀ) ਰਿਪੋਰਟ 2023: 2063 ਤੱਕ ਆਸਟ੍ਰੇਲੀਆ ਦਾ ਭਵਿੱਖ*। ਆਸਟ੍ਰੇਲੀਆਈ ਸਰਕਾਰ। https://treasury.gov.au/sites/default/files/2023-08/p2023-435150.pdf

[2] ਉਕਤ।

[3] ਜੌਬਸ ਐਂਡ ਸਕਿੱਲਜ਼ ਆਸਟ੍ਰੇਲੀਆ। (4 ਅਕਤੂਬਰ 2023)। *ਨੌਕਰੀਆਂ ਅਤੇ ਹੁਨਰਾਂ ਦੇ ਰਾਸ਼ਟਰੀ ਰੋਡਮੈਪ ਵੱਲ: ਨੌਕਰੀਆਂ ਅਤੇ ਹੁਨਰਾਂ ਦੀ ਸਾਲਾਨਾ ਰਿਪੋਰਟ 2023*। ਆਸਟ੍ਰੇਲੀਆਈ ਸਰਕਾਰ। https://www.jobsandskills.gov.au/publications/towards-national-jobs-and-skills-roadmap

[4] ਉਦਯੋਗ, ਵਿਗਿਆਨ ਅਤੇ ਸਰੋਤ ਵਿਭਾਗ। (2023)। *STEM ਬਰਾਬਰਤਾ ਮਾਪਕ*। ਆਸਟ੍ਰੇਲੀਆਈ ਸਰਕਾਰ। *https://www.industry.gov.au/publications/stem-equity-monitor*

[5] ਪੇਸ਼ੇਵਰ ਵਿਗਿਆਨੀ ਆਸਟ੍ਰੇਲੀਆ (2022)। *ਪੇਸ਼ੇਵਰ ਵਿਗਿਆਨੀ ਰੁਜ਼ਗਾਰ ਅਤੇ ਮਿਹਨਤਾਨੇ ਦੀ ਰਿਪੋਰਟ।* https://scientists.professionalsaustralia.org.au/Scientists/News/Professional_Scientists_Employment_and_Remuneration_Survey_Report.aspx

[6] ਉਦਯੋਗ, ਵਿਗਿਆਨ ਅਤੇ ਸਰੋਤ ਵਿਭਾਗ। (2023)। *STEM ਬਰਾਬਰਤਾ ਮਾਪਕ*। ਆਸਟ੍ਰੇਲੀਆਈ ਸਰਕਾਰ। *https://www.industry.gov.au/publications/stem-equity-monitor*

[7] ਆਸਟ੍ਰੇਲੀਅਨ ਬਿਊਰੋ ਆਫ਼ ਸਟੈਟਿਸਟਿਕਸ। (2021)। *ਟੇਬਲ ਬਿਲਡਰ*। ਆਸਟ੍ਰੇਲੀਆਈ ਸਰਕਾਰ। https://www.abs.gov.au/statistics/microdata-tablebuilder/tablebuilder

ਇਸ ਸਮੀਖਿਆ ਦੀ ਘੋਸ਼ਣਾ ਕਰਦੇ ਹੋਏ, ਉਦਯੋਗ ਅਤੇ ਵਿਗਿਆਨ ਮੰਤਰੀ ਨੇ ਟਿੱਪਣੀ ਕੀਤਾ ਕਿ 'ਇਹ ਬਹੁਤ ਜ਼ਿਆਦਾ ਅਹਿਮ ਹੈ ਕਿ ਭਾਈਚਾਰੇ ਦੇ ਸਾਰੇ ਹਿੱਸਿਆਂ ਦੇ ਆਸਟ੍ਰੇਲੀਆਈ ਲੋਕਾਂ ਕੋਲ ਸਾਡੇ ਅਭਿਲਾਸ਼ੀ ਵਿਗਿਆਨਕ ਅਤੇ ਤਕਨੀਕੀ ਏਜੰਡੇ ਵਿੱਚ ਯੋਗਦਾਨ ਪਾਉਣ ਦਾ ਮੌਕਾ ਹੈ'।[8]

## STEM ਨੂੰ ਸਮਝਣਾ

ਇਸ ਸਮੀਖਿਆ ਨੇ ਖੁਲਾਸਾ ਕੀਤਾ ਹੈ ਕਿ ਲੋਕਾਂ ਨੂੰ ਉਹਨਾਂ ਦੇ ਵਿਅਕਤੀਗਤ ਅਨੁਭਵਾਂ ਅਤੇ ਕਦਰਾਂ-ਕੀਮਤਾਂ ਦੇ ਆਧਾਰ 'ਤੇ STEM ਕੀ ਹੈ, ਬਾਰੇ ਵੱਖੋ-ਵੱਖਰੀ ਸਮਝ ਹੈ। ਸਲਾਹ-ਮਸ਼ਵਰੇ ਨੇ ਇਹ ਵੀ ਉਜਾਗਰ ਕੀਤਾ ਕਿ STEM ਦੀਆਂ ਇਹ ਧਾਰਨਾਵਾਂ STEM ਤੱਕ ਪਹੁੰਚਣ ਅਤੇ ਸੰਬੰਧਿਤ ਹੋਣ ਵਿੱਚ ਵਿਭਿੰਨ ਸਮੂਹਾਂ ਲਈ ਇੱਕ ਸਪੱਸ਼ਟ ਰੁਕਾਵਟ ਹਨ।

STEM ਨੇ ਆਸਟ੍ਰੇਲੀਆ ਵਿੱਚ ਰਹਿਣ ਵਾਲੇ ਜ਼ਿਆਦਾਤਰ ਲੋਕਾਂ ਦੇ ਰੋਜ਼ਮਰ੍ਹਾ ਜੀਵਨ ਨੂੰ ਆਕਾਰ ਦਿੱਤਾ ਹੈ। ਪਰ ਇਹ ਹਮੇਸ਼ਾ ਆਸਟ੍ਰੇਲੀਆ ਵਿਚਲੇ STEM ਦੇ ਢਾਂਚੇ ਵਿੱਚ ਨਹੀਂ ਝਲਕਦਾ ਹੈ। STEM ਹੁਨਰਾਂ ਅਤੇ ਸ਼ਮੂਲੀਅਤਾਂ ਵਿੱਚ ਵਾਧਾ ਜਾਰੀ ਰੱਖਣ ਲਈ, ਵਧੇਰੇ ਲੋਕਾਂ ਨੂੰ ਆਪਣੇ ਆਪ ਨੂੰ STEM ਪ੍ਰਣਾਲੀ ਦੇ ਇੱਕ ਹਿੱਸੇ ਵਜੋਂ ਦੇਖਣ ਦੀ ਲੋੜ ਹੈ।

ਜਦੋਂਕਿ ਇਸ ਰਿਪੋਰਟ ਵਿੱਚ ਵਰਤੀ ਗਈ ਜਾਣਕਾਰੀ ਅਤੇ ਅੰਕੜੇ STEM ਦੀਆਂ ਵੱਖੋ-ਵੱਖਰੀਆਂ ਪਰਿਭਾਸ਼ਾਵਾਂ ਵਾਲੇ ਕਈ ਕਿਸਮ ਦੇ ਸਰੋਤਾਂ ਤੋਂ ਹਨ, ਇਹ ਸਮੀਖਿਆ ਉਨ੍ਹਾਂ ਗਿਆਨ ਅਭਿਆਸਾਂ ਅਤੇ ਪ੍ਰਣਾਲੀਆਂ ਦੇ ਸੰਗ੍ਰਹਿ ਦੇ ਰੂਪ ਵਿੱਚ STEM ਦਾ ਇੱਕ ਸੰਮਲਿਤ ਦ੍ਰਿਸ਼ਟੀਕੋਣ ਲੈਂਦੀ ਹੈ ਜੋ ਸਮਰਥਨ ਕਰਦੇ ਹਨ:

- ਉਹਨਾਂ ਤਰੀਕਿਆਂ ਦਾ ਜਿਸ ਨਾਲ ਲੋਕ ਆਪਣੇ ਆਲੇ-ਦੁਆਲੇ ਦੀ ਦੁਨੀਆਂ ਬਾਰੇ ਲਗਾਤਾਰ ਵੱਧਦੇ ਸਹੀ ਤਰੀਕਿਆਂ ਨਾਲ ਸਿੱਖਦੇ ਹਨ
- ਗਿਆਨ ਨੂੰ ਵਿਕਸਤ ਕਰਨ, ਸਾਂਝਾ ਕਰਨ ਅਤੇ ਲਾਗੂ ਕਰਨ ਦੇ ਕੰਮ ਦਾ।
- ਉਨ੍ਹਾਂ ਸਾਧਨਾਂ ਤੋਂ ਜੋ ਲੋਕ ਬਣਾਉਂਦੇ ਅਤੇ ਵਰਤਦੇ ਹਨ
- ਲੋਕ ਭਵਿੱਖ ਵਿੱਚ ਕੀ ਬਣਾ ਸਕਦੇ ਹਨ ਅਤੇ ਕੀ ਕਰਨਗੇ
- ਉਨ੍ਹਾਂ ਨਮੂਨਿਆਂ (ਪੈਟਰਨਾਂ) ਤੋਂ ਜੋ ਲੋਕ ਦੇਖਦੇ ਹਨ
- ਉਹ ਕਹਾਣੀਆਂ ਦਾ ਜੋ ਲੋਕ ਦੱਸਦੇ ਹਨ ਕਿ ਇਹ ਸਭ ਕਿਵੇਂ ਇਕੱਠੇ ਫਿੱਟ ਹੁੰਦੀਆਂ ਹਨ।

ਇਹ ਪਹੁੰਚ ਦਰਸਾਉਂਦੀ ਹੈ ਕਿ STEM ਸੋਚਣ ਦੇ ਬਹੁਤ ਸਾਰੇ ਤਰੀਕਿਆਂ ਨੂੰ ਜਾਣਕਾਰੀ ਭਰਪੂਰ ਕਰ ਸਕਦਾ ਹੈ ਜੋ ਭਾਈਚਾਰੇ ਅਤੇ ਸਮਾਜ ਵਿੱਚ ਯੋਗਦਾਨ ਪਾਉਂਦੇ ਹਨ। ਉਦਾਹਰਨ ਲਈ, ਫਸਟ ਨੇਸ਼ਨਜ਼ ਲੋਕਾਂ ਦੇ ਗਿਆਨ ਕੰਮ ਕਰਨ ਦੇ STEM ਤਰੀਕਿਆਂ, ਪ੍ਰਣਾਲੀਆਂ ਅਤੇ ਸੋਚਣ ਦੇ ਤਰੀਕਿਆਂ ਨਾਲ ਭਰਪੂਰ ਹਨ। ਇਹ ਫਸਟ ਨੇਸ਼ਨਜ਼ ਦੇ ਲੋਕਾਂ ਦੇ ਕੰਟਰੀ ਬਾਰੇ ਦ੍ਰਿਸ਼ਟੀਕੋਣਾਂ, ਕਾਨੂੰਨਾਂ ਅਤੇ ਗਿਆਨ ਵਿੱਚ ਦੇਖੇ ਜਾਂਦੇ ਹਨ।

[8] ਆਸਟ੍ਰੇਲੀਆਈ ਸਰਕਾਰ (24 ਨਵੰਬਰ 2022)। *STEM ਵਿੱਚ ਵਿਭਿੰਨਤਾ ਮਾਹਰ ਪੈਨਲ ਦੀ ਘੋਸ਼ਣਾ ਕੀਤੀ ਗਈ।* https://www.minister.industry.gov.au/ministers/husic/media-releases/diversity-stem-expert-panel-announced

# ਸਿਫਾਰਿਸ਼ਾਂ

1

# ਸਰਕਾਰ ਦੁਆਰਾ ਤਾਲਮੇਲ ਅਤੇ ਅਗਵਾਈ

**ਆਸਟ੍ਰੇਲੀਆਈ ਸਰਕਾਰ ਨੂੰ STEM ਵਿੱਚ ਵਿਭਿੰਨਤਾ ਅਤੇ ਸ਼ਮੂਲੀਅਤ ਵਿੱਚ ਤਰੱਕੀ ਨੂੰ ਤੇਜ਼ ਕਰਨ ਲਈ ਲਾਜ਼ਮੀ ਤੌਰ 'ਤੇ ਰਣਨੀਤਕ ਅਤੇ ਤਾਲਮੇਲ ਵਾਲੀ ਕਾਰਵਾਈ ਕਰਨੀ ਚਾਹੀਦੀ ਹੈ।**

**ਸਿਫ਼ਾਰਸ਼ 1**

ਇਹ ਪੈਨਲ ਸਿਫ਼ਾਰਸ਼ ਕਰਦਾ ਹੈ ਕਿ ਆਸਟ੍ਰੇਲੀਆਈ ਸਰਕਾਰ:

- ਇਸ ਰਿਪੋਰਟ ਵਿੱਚ ਦਿੱਤੀਆਂ ਸਿਫ਼ਾਰਸ਼ਾਂ ਦੇ ਆਧਾਰ 'ਤੇ, STEM ਵਿੱਚ ਵਿਭਿੰਨਤਾ ਅਤੇ ਸ਼ਮੂਲੀਅਤ ਨੂੰ ਵਧਾਉਣ ਲਈ ਇੱਕ ਪੂਰੀ-ਸਰਕਾਰੀ, ਲੰਬੇ ਸਮੇਂ ਦੀ ਰਣਨੀਤੀ ਲਈ ਵਚਨਬੱਧ ਹੋਵੇ।
- ਇਸ ਰਣਨੀਤੀ ਨੂੰ ਲਾਗੂ ਕਰਨ ਲਈ ਸਰਕਾਰ ਨੂੰ ਸਲਾਹ ਦੇਣ ਲਈ ਵੱਖ-ਵੱਖ ਖੇਤਰਾਂ ਅਤੇ ਵਿਭਿੰਨਤਾ ਸਮੂਹਾਂ ਦੀ ਨੁਮਾਇੰਦਗੀ ਵਾਲੀ ਇੱਕ ਸਮਰਪਿਤ ਸਲਾਹਕਾਰ ਕੌਂਸਲ ਦੀ ਸਥਾਪਨਾ ਕਰੇ।
- ਇਹਨਾਂ ਲਈ ਸਰਕਾਰੀ ਸਰੋਤ ਸਮਰਪਿਤ ਕਰੇ:
  - ਕੌਂਸਲ ਦੇ ਕੰਮ ਨੂੰ ਸਮਰਥਨ ਦੇਣ ਲਈ
  - ਪ੍ਰੋਗਰਾਮਾਂ ਦੇ ਡਿਜ਼ਾਈਨ ਅਤੇ ਪੂਰਾ ਕਰਨ ਸਮੇਤ ਵਿਭਿੰਨਤਾ ਨੂੰ ਵਧਾਉਣ ਲਈ ਸਰਕਾਰ ਦੇ ਯਤਨਾਂ ਵਿੱਚ ਯੋਗਦਾਨ ਪਾਉਣ ਅਤੇ ਤਾਲਮੇਲ ਕਰਨ ਲਈ
  - STEM ਵਿੱਚ ਵਿਭਿੰਨਤਾ ਨੂੰ ਵਧਾਉਣ ਲਈ ਗ਼ੈਰ-ਸਰਕਾਰੀ ਯਤਨਾਂ ਲਈ ਸਰਕਾਰ ਤੱਕ ਤਾਲਮੇਲ ਦਾ ਮੌਕਾ ਅਤੇ ਪਹੁੰਚ ਪ੍ਰਦਾਨ ਕਰਨ ਲਈ।
- ਇਸ ਰਣਨੀਤੀ ਦੀ ਤਰੱਕੀ ਬਾਰੇ ਰਿਪੋਰਟ ਕਰੇ।

## *ਅਸੀਂ ਇਸਦੀ ਸਿਫ਼ਾਰਸ਼ ਕਿਉਂ ਕਰਦੇ ਹਾਂ*

STEM ਵਿੱਚ ਵਿਭਿੰਨਤਾ ਨੂੰ ਵਧਾਉਣਾ ਸਾਰੀਆਂ ਸਰਕਾਰਾਂ, ਉਦਯੋਗ, ਸਿੱਖਿਆ ਖੇਤਰ, ਸਿੱਖਿਆ ਪ੍ਰਦਾਤਾਵਾਂ ਅਤੇ ਵਿਆਪਕ ਭਾਈਚਾਰੇ ਦੀ ਜ਼ਿੰਮੇਵਾਰੀ ਹੈ। ਚੰਗਾ ਕੰਮ ਕੀਤਾ ਜਾਣਾ ਜਾਰੀ ਹੈ, ਪਰ ਇਸ ਸਮੀਖਿਆ ਨੇ ਸਾਰੇ ਸੈਕਟਰਾਂ ਵਿੱਚ STEM ਵਿੱਚ ਵਿਭਿੰਨਤਾ ਸੰਬੰਧੀ ਚਾਹਵਾਨ ਤਰੱਕੀ ਨੂੰ ਪ੍ਰੇਰਿਤ ਕਰਨ ਲਈ ਇੱਕ ਕੇਂਦਰੀਕ੍ਰਿਤ ਅਤੇ ਤਾਲਮੇਲ ਵਾਲੀ ਪਹੁੰਚ ਹੋਣ ਦੀ ਲੋੜ ਲੱਭੀ ਹੈ।

ਲੀਡਰਸ਼ਿਪ ਅਤੇ ਤਾਲਮੇਲ ਦੀ ਘਾਟ ਕਾਰਨ ਕਈ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ, ਜਿਸ ਵਿੱਚ ਡੁਪਲੀਕੇਟ ਪਹਿਲਕਦਮੀਆਂ, ਪ੍ਰੋਗਰਾਮ ਦੇ ਪਾੜੇ, ਨਾਕਾਫ਼ੀ ਮੁਲਾਂਕਣ ਅਤੇ ਨਿਗਰਾਨੀ, ਅਤੇ ਵਿਆਪਕ ਨੀਤੀ ਸੁਧਾਰਾਂ ਅਤੇ ਸੈਟਿੰਗਾਂ ਨੂੰ ਸੂਚਿਤ ਕਰਨ, ਪ੍ਰਭਾਵਿਤ ਕਰਨ ਅਤੇ ਇਕਸਾਰ ਕਰਨ ਦੇ ਮੌਕੇ ਗੁਆਉਣੇ ਸ਼ਾਮਲ ਹਨ।

ਆਸਟ੍ਰੇਲੀਆਈ ਸਰਕਾਰ ਤਬਦੀਲੀ ਲਈ ਮਾਹੌਲ, ਇੱਛਾ ਅਤੇ ਦਿਸ਼ਾ ਨਿਰਧਾਰਤ ਕਰਨ, ਅਤੇ ਪ੍ਰਭਾਵ ਨੂੰ ਵੱਧ ਤੋਂ ਵੱਧ ਕਰਨ ਲਈ ਪਹਿਲਕਦਮੀਆਂ ਨੂੰ ਜੋੜਨ ਅਤੇ ਤਾਲਮੇਲ ਕਰਨ ਲਈ ਚੰਗੀ ਸਥਿਤੀ ਵਿੱਚ ਹੈ।[9] ਆਸਟ੍ਰੇਲੀਆ ਕੇਂਦਰੀਕ੍ਰਿਤ, ਲੰਬੇ ਸਮੇਂ ਦੀ ਪਹੁੰਚ ਵਾਲੇ ਦੂਜੇ ਦੇਸ਼ਾਂ ਤੋਂ ਸਿੱਖ ਸਕਦਾ ਹੈ।

ਇੱਕ ਸਮਰਪਿਤ ਸਲਾਹਕਾਰ ਕੌਂਸਲ ਇਸ ਰਿਪੋਰਟ ਵਿੱਚ ਦੱਸੀ ਗਈ STEM ਵਿੱਚ ਵਿਭਿੰਨਤਾ ਵਧਾਉਣ ਲਈ ਰਣਨੀਤਕ ਪਹੁੰਚ ਨੂੰ ਅੱਗੇ ਵਧਾਉਣ ਅਤੇ ਵਿਕਸਿਤ ਕਰਨ ਲਈ ਮੁਹਾਰਤ ਪ੍ਰਦਾਨ ਕਰ ਸਕਦੀ ਹੈ। ਇਸਨੂੰ ਆਸਟ੍ਰੇਲੀਆ ਦੇ 'STEM ਵਿੱਚ ਅੰਬੈਸਡਰ ਵਜੋਂ ਔਰਤਾਂ' ਦੁਆਰਾ ਬਣਾਈ ਗਈ ਬੁਨਿਆਦ 'ਤੇ ਅੱਗੇ ਵੱਧਣਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਭਵਿੱਖ ਦੇ ਯਤਨ ਸਾਰੇ ਵਿਭਿੰਨਤਾ ਵਾਲੇ ਸਮੂਹਾਂ ਦਾ ਸਮਰਥਨ ਕਰਦੇ ਹਨ।

ਇਸ ਕੌਂਸਲ ਵਿੱਚ ਵਿਭਿੰਨਤਾ ਵਾਲੇ ਲੋਕਾਂ ਦੀ ਨੁਮਾਇੰਦਗੀ ਹੋਣੀ ਚਾਹੀਦੀ ਹੈ ਜੋ ਆਪਣੇ ਕੰਮ ਦੀ ਜਾਣਕਾਰੀ ਦੇਣ ਲਈ ਭਾਈਚਾਰਿਆਂ ਅਤੇ ਸੰਸਥਾਵਾਂ ਨਾਲ ਜੁੜੀ ਹੋਵੇ।

ਇਸ ਸਲਾਹਕਾਰ ਕੌਂਸਲ ਨੂੰ ਸਰਕਾਰ ਨੂੰ STEM ਵਿੱਚ ਵਿਭਿੰਨਤਾ ਨੂੰ ਸੁਧਾਰਨ ਦੇ ਤਰੀਕਿਆਂ ਬਾਰੇ ਸਲਾਹ ਦੇਣ ਅਤੇ ਸਰਕਾਰ ਵਿੱਚ ਕੰਮ ਦਾ ਤਾਲਮੇਲ ਕਰਨ ਲਈ ਇੱਕ ਸਪੱਸ਼ਟ ਆਦੇਸ਼ ਦੀ ਲੋੜ ਹੁੰਦੀ ਹੈ।[10] ਇਸਨੂੰ ਸਰਕਾਰ ਦੇ ਯਤਨਾਂ ਦੀ ਤਰੱਕੀ ਅਤੇ ਪ੍ਰਭਾਵ ਬਾਰੇ ਸਰਕਾਰ ਨੂੰ ਜਨਤਕ ਤੌਰ 'ਤੇ ਰਿਪੋਰਟ ਦੇਣੀ ਚਾਹੀਦੀ ਹੈ।

ਇਸ ਸਲਾਹਕਾਰ ਕੌਂਸਲ ਨੂੰ ਹੋਰ ਸਲਾਹਕਾਰੀ ਸੰਸਥਾਵਾਂ ਦੇ ਨਾਲ ਮਿਲਕੇ ਕੰਮ ਕਰਨਾ ਚਾਹੀਦਾ ਹੈ ਜਿੰਨ੍ਹਾਂ ਦਾ ਉਦੇਸ਼ ਵਿਭਿੰਨਤਾ ਅਤੇ ਸ਼ਮੂਲੀਅਤ ਨੂੰ ਅੱਗੇ ਵਧਾਉਣਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹਨਾਂ ਸੰਸਥਾਵਾਂ ਦੇ ਕੰਮ ਨੂੰ STEM ਮੰਨਿਆ ਜਾਂਦਾ ਹੈ।

ਮੌਜੂਦਾ ਆਸਟ੍ਰੇਲੀਆਈ ਸਰਕਾਰ ਦੇ ਇੱਕ ਵਿਭਾਗ ਦੁਆਰਾ ਸਲਾਹਕਾਰ ਕੌਂਸਲ ਨੂੰ ਸਮਰਥਨ ਦੇਣ ਲਈ ਸਮਰਪਿਤ ਸਰੋਤ ਪ੍ਰਦਾਨ ਕਰਨ ਨਾਲ ਸਰਕਾਰ ਵਿੱਚ ਹੋਰ ਨੀਤੀਆਂ ਅਤੇ ਪ੍ਰੋਗਰਾਮਾਂ ਦੇ ਵਿਕਾਸ ਲਈ ਵਧੇਰੇ ਤਾਲਮੇਲ ਅਤੇ ਦਿੱਖ ਦੀ ਆਗਿਆ ਮਿਲੇਗੀ। ਇਹ ਸਬੂਤ-ਆਧਾਰਿਤ, ਨਵੀਨਤਾਕਾਰੀ ਅਤੇ ਟੀਚਾਗਤ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਯਕੀਨੀ ਬਣਾਏਗਾ।

ਇਹ ਵਿਭਾਗ ਵੱਖ-ਵੱਖ ਸੈਕਟਰਾਂ ਵਿੱਚ, ਵੱਖ-ਵੱਖ ਘੱਟ ਨੁਮਾਇੰਦਗੀ ਵਾਲੇ ਸਮੂਹਾਂ ਦਾ ਸਮਰਥਨ ਕਰਨ ਵਾਲੇ ਪ੍ਰੋਗਰਾਮਾਂ ਦੀ ਵਿਆਕਪਤਾ ਬਾਰੇ ਜਾਣਕਾਰੀ ਪ੍ਰਦਾਨ ਕਰਨ ਵਿੱਚ ਮੱਦਦ ਕਰਨ ਲਈ ਤਾਲਮੇਲ ਦੇ ਇੱਕ ਕੇਂਦਰੀ ਬਿੰਦੂ ਵਜੋਂ ਵੀ ਕੰਮ ਕਰੇਗਾ।

[9] STEM ਵਿੱਚ ਅੰਬੈਸਡਰ ਵਜੋਂ ਔਰਤਾਂ। (30 ਨਵੰਬਰ 2023)। *ਕਾਰਜ ਸਥਾਨ ਵਿੱਚ ਬਰਾਬਰਤਾ ਅਤੇ ਸ਼ਮੂਲੀਅਤ ਲਈ ਪਹਿਲਕਦਮੀਆਂ: ਸਾਥੀ-ਸਮੀਖਿਆ ਸਾਹਿਤ ਦੀਆਂ ਝਟਪਟ ਯੋਜਨਾਬੱਧ ਸਮੀਖਿਆਵਾਂ ਦੀ ਇੱਕ ਲੜੀ।*। https://osf.io/preprints/osf/zmvjn

[10] STEM ਵਿੱਚ ਵਿਭਿੰਨਤਾ ਲਈ ਮਾਰਗ ਦੀ ਸਮੀਖਿਆ ਨੂੰ ਆਸਟ੍ਰੇਲੀਅਨ ਅਕੈਡਮੀ ਆਫ਼ ਸਾਇੰਸ ਤੋਂ ਆਈ ਸਬਮਿਸ਼ਨ।

## ਸਿਫ਼ਾਰਸ਼ 2

ਇਹ ਪੈਨਲ ਸਿਫ਼ਾਰਸ਼ ਕਰਦਾ ਹੈ ਕਿ ਆਸਟ੍ਰੇਲੀਆਈ ਸਰਕਾਰ ਇਹਨਾਂ ਰਾਹੀਂ ਸਾਬਤ ਹੋਏ ਪ੍ਰਭਾਵ ਵਾਲੇ STEM ਪ੍ਰੋਗਰਾਮਾਂ ਵਿੱਚ ਵਿਭਿੰਨਤਾ ਦਾ ਇੱਕ ਸੂਟ ਸਥਾਪਤ ਕਰੇ:

- ਇਸਦੇ ਸਾਰੇ STEM ਵਿੱਚ ਵਿਭਿੰਨਤਾ ਵਾਲੇ ਪ੍ਰੋਗਰਾਮਾਂ ਵਿੱਚ ਸਰਵੋਤਮ ਕੰਮ ਕਰਨ ਦੇ ਤਰੀਕਿਆਂ ਵਾਲੇ ਪ੍ਰੋਗਰਾਮ ਡਿਜ਼ਾਈਨ ਕਰਨ ਵਾਲੇ ਤੱਤਾਂ ਨੂੰ ਮਜ਼ਬੂਤੀ ਅਤੇ ਡੂੰਘਾਈ ਨਾਲ ਜੜ੍ਹਕੇ
- ਮੌਜੂਦਾ STEM ਵਿੱਚ ਔਰਤਾਂ ਦੇ ਪ੍ਰੋਗਰਾਮ ਸੂਟ ਨੂੰ ਅੱਗੇ ਵਧਾਉਣ ਅਤੇ ਉਸ ਵਿੱਚ ਟੀਚਾਗਤ ਤਬਦੀਲੀਆਂ ਕਰਨ ਦੁਆਰਾ
- ਘੱਟ ਨੁਮਾਇੰਦਗੀ ਵਾਲੇ ਸਮੂਹਾਂ ਲਈ ਪਛਾਣੀਆਂ ਗਈਆਂ ਰੁਕਾਵਟਾਂ ਨੂੰ ਹੱਲ ਕਰਨ ਲਈ ਨਵੇਂ ਪ੍ਰੋਗਰਾਮਾਂ ਦੀ ਸਥਾਪਨਾ ਕਰਕੇ।

ਇਸ ਸਿਫ਼ਾਰਸ਼ ਬਾਰੇ ਪੈਨਲ ਦੀ ਵਿਸਥਾਰ-ਪੂਰਵਕ ਸਲਾਹ ਇਸ ਰਿਪੋਰਟ ਦੇ ਅੰਤਮ ਭਾਗ ਵਿੱਚ *STEM ਵਿੱਚ ਵਿਭਿੰਨਤਾ ਪ੍ਰੋਗਰਾਮ ਦੀ ਰਣਨੀਤੀ* ਵਿੱਚ ਹੈ, ਜਿਸਨੂੰ ਸਰਕਾਰ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਚਾਹੀਦਾ ਹੈ।

## *ਅਸੀਂ ਇਸਦੀ ਸਿਫ਼ਾਰਸ਼ ਕਿਉਂ ਕਰਦੇ ਹਾਂ*

ਜਦੋਂ ਪ੍ਰਣਾਲੀਗਤ ਤਬਦੀਲੀ ਹੋ ਰਹੀ ਹੁੰਦੀ ਹੈ ਤਾਂ ਪ੍ਰੋਗਰਾਮ ਵਿਅਕਤੀਆਂ ਅਤੇ ਸੰਸਥਾਵਾਂ ਦਾ ਸਮਰਥਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਹ ਸੱਭਿਆਚਾਰਕ ਤਬਦੀਲੀ ਲਿਆ ਸਕਦੇ ਹਨ ਅਤੇ ਘੱਟ-ਨੁਮਾਇੰਦਗੀ ਵਾਲੇ ਲੋਕਾਂ ਨੂੰ ਉਹਨਾਂ ਰੁਕਾਵਟਾਂ ਨੂੰ ਦੂਰ ਕਰਨ ਵਿੱਚ ਮੱਦਦ ਕਰ ਸਕਦੇ ਹਨ ਜਿਨ੍ਹਾਂ ਦਾ ਉਹ ਸਾਹਮਣਾ ਕਰਦੇ ਹਨ।

ਹਾਲਾਂਕਿ, ਸਮੀਖਿਆ ਵਿੱਚ ਲੱਭਿਆ ਹੈ ਕਿ STEM ਪ੍ਰੋਗਰਾਮਾਂ ਵਿੱਚ ਔਰਤਾਂ ਨੂੰ ਇਸ ਗੱਲ ਦੇ ਠੋਸ ਸਬੂਤ ਦੀ ਘਾਟ ਹੈ ਕਿ ਕੀ ਉਹਨਾਂ ਨੇ ਲੰਬੇ ਸਮੇਂ ਲਈ STEM ਵਿੱਚ ਕੁੜੀਆਂ ਅਤੇ ਔਰਤਾਂ ਨੂੰ ਆਕਰਸ਼ਿਤ ਕੀਤਾ ਅਤੇ ਬਰਕਰਾਰ ਰੱਖਿਆ ਹੈ। ਨਿਰੰਤਰ ਚੱਲਦੀ ਸਹਾਇਤਾ ਪ੍ਰਦਾਨ ਕਰਨ ਲਈ ਇਹਨਾਂ ਪ੍ਰੋਗਰਾਮਾਂ ਵਿਚਕਾਰ ਕੁੱਝ ਸੰਬੰਧ ਸਨ। ਭਵਿੱਖ ਦੇ ਇਸ ਪ੍ਰੋਗਰਾਮ ਸੂਟ ਨੂੰ STEM ਸਿੱਖਿਆ ਅਤੇ ਕੰਮ ਵਿੱਚ ਦਾਖਲ ਹੋਣ ਅਤੇ ਬਰਕਰਾਰ ਰਹਿਣ ਦੀਆਂ ਰੁਕਾਵਟਾਂ ਨੂੰ ਦੂਰ ਕਰਨ ਵਿੱਚ ਮੱਦਦ ਕਰਨ ਲਈ, ਸਿੱਖਿਆ ਤੋਂ ਲੈ ਕੇ ਕਰਮਚਾਰੀਆਂ ਤੱਕ ਦੇ ਸੰਪੂਰਨ ਮਾਰਗ ਲਈ ਸਾਰੇ ਘੱਟ-ਨੁਮਾਇੰਦਗੀ ਵਾਲੇ ਲੋਕਾਂ ਦਾ ਸਮਰਥਨ ਕਰਨ ਦੀ ਲੋੜ ਹੈ।

ਇਹ ਸਲਾਹਕਾਰ ਕੌਂਸਲ ਇੱਕ ਪ੍ਰੋਗਰਾਮ ਸੂਟ ਦੇ ਡਿਜ਼ਾਈਨ ਬਾਰੇ ਸੂਚਿਤ ਕਰ ਸਕਦੀ ਹੈ ਜੋ ਸਿੱਖਿਆ ਤੋਂ ਲੈ ਕੇ ਕੰਮ ਤੱਕ ਘੱਟ-ਨੁਮਾਇੰਦਗੀ ਵਾਲੇ ਸਮੂਹਾਂ ਦਾ ਸਮਰਥਨ ਕਰਦਾ ਹੈ। ਭਵਿੱਖ ਦੇ ਪ੍ਰੋਗਰਾਮਾਂ ਨੂੰ ਇਸ ਤਰ੍ਹਾਂ ਡਿਜ਼ਾਈਨ ਕੀਤਾ ਜਾਣਾ ਚਾਹੀਦਾ ਹੈ:

- ਲੰਬੇ ਸਮੇਂ ਦੀ, ਲਚਕਦਾਰ ਮਾਲੀ-ਸਹਾਇਤਾ ਨਾਲ, ਜੋ ਲੰਬੇ ਸਮੇਂ ਦੇ ਪ੍ਰਭਾਵਾਂ ਨੂੰ ਚਲਾ ਸਕਦੇ ਹਨ
- ਉਦਯੋਗ, ਭਾਈਚਾਰੇ ਅਤੇ ਉਹਨਾਂ ਲੋਕਾਂ ਦੇ ਨਾਲ ਸਾਂਝੇਦਾਰੀ ਵਿੱਚ ਜਿੰਨ੍ਹਾਂ ਦੀ ਮੱਦਦ ਕਰਨਾ ਇਨ੍ਹਾਂ ਪ੍ਰੋਗਰਾਮਾਂ ਦਾ ਉਦੇਸ਼ ਹੈ
- ਇਹ ਯਕੀਨੀ ਬਣਾਉਣ ਲਈ ਕਿ ਗ੍ਰਾਂਟ ਪ੍ਰਕਿਰਿਆਵਾਂ ਨੂੰ ਉਤਸ਼ਾਹਿਤ ਕੀਤਾ ਜਾਵੇ ਅਤੇ ਇਹ ਵਿਭਿੰਨਤਾ ਵਾਲੇ ਬਿਨੈਕਾਰਾਂ ਲਈ ਪਹੁੰਚਯੋਗ ਹਨ
- ਇਕਸਾਰ ਸਬੂਤ ਅਤੇ ਡੇਟਾ ਇਕੱਠਾ ਕਰਨ ਲਈ, ਜੋ ਕਿ ਵਿੱਚੇ ਬਣੀ-ਬਣਾਈ, ਸੁਤੰਤਰ ਮੁਲਾਂਕਣ ਵਿਧੀ ਨਾਲ ਪ੍ਰੋਗਰਾਮ ਦੀ ਪ੍ਰਭਾਵਸ਼ੀਲਤਾ ਅਤੇ ਪ੍ਰਭਾਵ ਦੇ ਮਾਪ ਨੂੰ ਬਿਹਤਰ ਢੰਗ ਨਾਲ ਸਮਰੱਥ ਕਰੇਗਾ
- ਪ੍ਰੋਗਰਾਮਾਂ ਵਿਚਕਾਰ ਆਪਸ ਵਿੱਚ ਜਾਣਕਾਰੀ ਅਤੇ ਅਨੁਭਵ ਸਾਂਝੇ ਕਰਨ ਲਈ।

STEM ਇਕੁਇਟੀ ਮਾਨੀਟਰ, STEM ਵਿੱਚ ਲੜਕੀਆਂ ਅਤੇ ਔਰਤਾਂ ਦੀ ਭਾਗੀਦਾਰੀ ਦਾ ਸਾਲਾਨਾ ਰਾਸ਼ਟਰੀ ਡੇਟਾ ਸਰੋਤ ਹੈ। ਇਹ ਇੱਕ ਮਜ਼ਬੂਤ ਬੁਨਿਆਦ ਪ੍ਰਦਾਨ ਕਰਦਾ ਹੈ ਜਿਸ 'ਤੇ ਸਾਰੇ ਵਿਭਿੰਨਤਾ ਵਾਲੇ ਸਮੂਹਾਂ ਦੀ STEM ਵਿੱਚ ਭਾਗੀਦਾਰੀ ਦੇ ਸਮੇਂ ਦੇ ਨਾਲ ਤਰੱਕੀ ਨੂੰ ਇਕੱਠਾ ਕਰਨਾ ਅਤੇ ਟਰੈਕ ਕਰਨਾ ਹੈ।

2

# ਸੁਰੱਖਿਅਤ ਅਤੇ ਸ਼ਮੂਲੀਅਤ ਵਾਲੇ ਕਾਰਜ ਸਥਾਨ ਬਣਾਉਣਾ

**STEM ਕਾਮਿਆਂ ਨੂੰ ਰੁਜ਼ਗਾਰ ਦੇਣ ਵਾਲੀ ਹਰ ਆਸਟ੍ਰੇਲੀਆਈ ਸੰਸਥਾ ਨੂੰ ਧੱਕੇਸ਼ਾਹੀ, ਤੰਗ-ਪ੍ਰੇਸ਼ਾਨ ਕਰਨ ਅਤੇ ਭੇਦਭਾਵ ਨੂੰ ਖ਼ਤਮ ਕਰਨਾ ਚਾਹੀਦਾ ਹੈ।**

**ਸਿਫ਼ਾਰਸ਼ 3**

ਇਹ ਪੈਨਲ ਸਿਫ਼ਾਰਸ਼ ਕਰਦਾ ਹੈ ਕਿ ਆਸਟ੍ਰੇਲੀਆਈ ਸਰਕਾਰ ਸਮੇਤ STEM ਕਾਮਿਆਂ ਨੂੰ ਰੁਜ਼ਗਾਰ ਦੇਣ ਵਾਲੀ ਹਰ ਆਸਟ੍ਰੇਲੀਆਈ ਸੰਸਥਾ, ਇੱਕ ਸੁਰੱਖਿਅਤ ਅਤੇ ਸ਼ਮੂਲੀਅਤ ਵਾਲੇ ਕਾਰਜ ਸਥਾਨ ਦੀ ਨੀਂਹ ਵਜੋਂ, ਨਸਲਵਾਦ ਸਮੇਤ ਧੱਕੇਸ਼ਾਹੀ, ਤੰਗ-ਪ੍ਰੇਸ਼ਾਨ ਕਰਨ ਅਤੇ ਭੇਦਭਾਵ ਨੂੰ ਖ਼ਤਮ ਕਰਨ ਲਈ ਵਚਨਬੱਧ ਹੋਵੇ।

ਇਸ ਲਈ ਸੰਚਾਲਨ, ਪਾਰਦਰਸ਼ਤਾ ਅਤੇ ਜਵਾਬਦੇਹੀ ਉਪਾਵਾਂ ਦੀ ਲੋੜ ਹੋਵੇਗੀ, ਸੀਨੀਅਰ ਆਗੂਆਂ ਲਈ ਕਾਨੂੰਨੀ ਜ਼ਿੰਮੇਵਾਰੀਆਂ ਸਮੇਤ, ਜੋ ਮੌਜੂਦਾ ਕਾਰਜ-ਸਥਾਨ ਸਿਹਤ ਅਤੇ ਸੁਰੱਖਿਆ ਲੋੜਾਂ ਤੋਂ ਅੱਗੇ ਜਾਂਦੀਆਂ ਹਨ।

ਧੱਕੇਸ਼ਾਹੀ, ਪਰੇਸ਼ਾਨੀ ਅਤੇ ਭੇਦਭਾਵ ਨੂੰ ਖ਼ਤਮ ਕਰਨ ਲਈ ਸੰਸਥਾਤਮਕ ਸੰਚਾਲਨ, ਪਾਰਦਰਸ਼ਤਾ ਅਤੇ ਜਵਾਬਦੇਹੀ ਦੇ ਉਪਾਵਾਂ ਨੂੰ ਵਿਆਪਕ ਕਾਰਜ ਸਥਾਨ ਵਿਭਿੰਨਤਾ ਅਤੇ ਸ਼ਮੂਲੀਅਤ ਉਪਾਵਾਂ ਦੇ ਹਿੱਸੇ ਵਜੋਂ ਲਾਗੂ ਕੀਤਾ ਜਾਣਾ ਚਾਹੀਦਾ ਹੈ। ਇਹ ਸਿਫ਼ਾਰਸ਼ 4 ਵਿੱਚ ਦੱਸਿਆ ਗਿਆ ਹੈ।

ਇਸ ਸਿਫ਼ਾਰਸ਼ ਦਾ ਸਮਰਥਨ ਕਰਨ ਵਿੱਚ ਆਸਟ੍ਰੇਲੀਆਈ ਸਰਕਾਰ ਦੀ ਇਸਤੋਂ ਅੱਗੇ ਦੀ ਭੂਮਿਕਾ ਸਿਫ਼ਾਰਸ਼ 5 ਵਿੱਚ ਦੱਸੀ ਗਈ ਹੈ।

## *ਇਸ ਸਿਫ਼ਾਰਸ਼ ਲਈ ਮੁੱਖ ਨੁਕਤੇ*

ਇਸ ਵਚਨਬੱਧਤਾ ਨੂੰ ਲਾਗੂ ਕਰਨਾ ਕਰਮਚਾਰੀਆਂ, ਫੰਡਿੰਗ ਸੰਸਥਾਵਾਂ ਅਤੇ ਜਨਤਾ ਲਈ ਸੁਰੱਖਿਆ ਅਤੇ ਸ਼ਮੂਲੀਅਤ ਵਿੱਚ ਅਗਵਾਈ ਦਾ ਪ੍ਰਦਰਸ਼ਨ ਕਰੇਗਾ। ਇਸ ਵਚਨਬੱਧਤਾ ਨੂੰ ਸਫ਼ਲਤਾਪੂਰਵਕ ਲਾਗੂ ਕਰਨ ਦਾ ਮਤਲਬ ਹੈ:

- ਰੋਕਥਾਮ ਅਤੇ ਕਿਰਿਆਸ਼ੀਲ ਕਾਰਵਾਈ ਦੁਆਰਾ ਇੱਕ 'ਸਕਾਰਾਤਮਕ ਡਿਊਟੀ' ਨੂੰ ਅਪਣਾਉਣਾ
- ਇੱਥੇ ਰਿਪੋਰਟ ਕਰਨ, ਸਤਿਕਾਰ ਅਤੇ ਸੁਰੱਖਿਆ ਦਾ ਸੱਭਿਆਚਾਰ ਹੈ
- ਇੱਥੇ ਅਪਰਾਧੀਆਂ ਲਈ ਮਾੜੇ ਨਤੀਜੇ ਹਨ ਅਤੇ ਇਲਜ਼ਾਮਾਂ ਅਤੇ ਖੋਜਾਂ ਦੇ ਪ੍ਰਬੰਧਨ ਲਈ ਦਸਤਾਵੇਜ਼ੀ ਪ੍ਰਕਿਰਿਆਵਾਂ ਹਨ
- ਗਲਤ ਪ੍ਰਬੰਧਨ ਕਰਨ ਦੇ ਇਲਜ਼ਾਮਾਂ ਦੇ ਸੀਨੀਅਰ ਆਗੂਆਂ ਅਤੇ ਸੰਸਥਾ ਲਈ ਬੁਰੇ ਸਿੱਟੇ ਨਿਕਲਦੇ ਹਨ ਜੋ ਉਸ ਨੁਕਸਾਨ ਨੂੰ ਦਰਸਾਉਂਦੇ ਹਨ ਜੋ ਧੱਕੇਸ਼ਾਹੀ, ਤੰਗ-ਪ੍ਰੇਸ਼ਾਨ ਅਤੇ ਭੇਦਭਾਵ ਕਰਦਾ ਹੈ।

## *ਅਸੀਂ ਇਸਦੀ ਸਿਫ਼ਾਰਸ਼ ਕਿਉਂ ਕਰਦੇ ਹਾਂ*

ਸਾਰੀਆਂ ਸੰਸਥਾਵਾਂ ਲਈ ਸੁਰੱਖਿਅਤ ਅਤੇ ਸ਼ਮੂਲੀਅਤ ਵਾਲੇ ਕਾਰਜ ਸਥਾਨਾਂ ਨੂੰ ਬਣਾਉਣਾ ਮਹੱਤਵਪੂਰਨ ਹੈ। ਘੱਟ ਵਿਭਿੰਨਤਾ ਵਾਲੇ ਕਾਰਜ ਸਥਾਨ ਧੱਕੇਸ਼ਾਹੀ, ਤੰਗ-ਪ੍ਰੇਸ਼ਾਨ ਕਰਨ ਅਤੇ ਭੇਦਭਾਵ ਨੂੰ ਅਮਰ ਕਰ ਕਾਇਮ ਰੱਖ ਸਕਦੇ ਹਨ।

ਸਰਕਾਰ, ਉਦਯੋਗ ਅਤੇ ਸਿੱਖਿਆ ਖੇਤਰ ਸਮੇਤ ਸੰਸਥਾਵਾਂ ਨੂੰ ਧੱਕੇਸ਼ਾਹੀ, ਤੰਗ-ਪ੍ਰੇਸ਼ਾਨ ਕਰਨ ਅਤੇ ਭੇਦਭਾਵ ਨੂੰ ਖ਼ਤਮ ਕਰਨ ਲਈ ਲਾਜ਼ਮੀ ਤੁਰੰਤ ਅਤੇ ਗਿਣ-ਮਿਥ ਕੇ ਕਾਰਵਾਈ ਕਰਨੀ ਚਾਹੀਦੀ ਹੈ। ਭਵਿੱਖ ਦੀਆਂ ਕਾਰਵਾਈਆਂ ਅਤੇ ਪਹਿਲਕਦਮੀਆਂ ਨੂੰ ਮੌਜੂਦਾ ਰਾਸ਼ਟਰੀ ਯਤਨਾਂ ਦੇ ਨਾਲ ਇਕਸਾਰ ਹੋਣਾ ਚਾਹੀਦਾ ਹੈ, ਜਿਨ੍ਹਾਂ ਵਿੱਚ ਸਲਾਹਕਾਰ ਕੌਂਸਲ ਦੁਆਰਾ ਕੀਤੀਆਂ ਕਾਰਵਾਈਆਂ ਅਤੇ ਪਹਿਲਕਦਮੀਆਂ ਸ਼ਾਮਲ ਹਨ। ਇਸ ਵਿੱਚ *Respect@Work ਰਿਪੋਰਟ*ਅਤੇ ਪਲੇਟਫਾਰਮ ਸ਼ਾਮਲ ਹੈ, ਜੋ ਕਿ ਕੰਮ ਵਾਲੀ ਥਾਂ 'ਤੇ ਜਿਨਸੀ ਛੇੜਛਾੜ ਨੂੰ ਰੋਕਣ ਅਤੇ ਹੱਲ ਕਰਨ ਲਈ ਸਰਕਾਰੀ ਅਤੇ ਨਿੱਜੀ ਖੇਤਰ ਲਈ ਸਰੋਤ ਪ੍ਰਦਾਨ ਕਰਦਾ ਹੈ।[11] ਇਸ ਵਿੱਚ *ਪਾੜੇ ਨੂੰ ਬੰਦ ਕਰਨ ਬਾਰੇ ਰਾਸ਼ਟਰੀ ਸਮਝੌਤਾ ਵੀ ਸ਼ਾਮਲ ਹੈ,* ਜੋ ਸਾਰੀਆਂ ਆਸਟ੍ਰੇਲੀਆਈ ਸਰਕਾਰਾਂ ਨੂੰ ਸੰਸਥਾਗਤ ਨਸਲਵਾਦ ਦੀ ਪਛਾਣ ਕਰਨ ਅਤੇ ਖ਼ਤਮ ਕਰਨ ਲਈ ਵਚਨਬੱਧ ਕਰਦਾ ਹੈ।[12 ,13]

ਧੱਕੇਸ਼ਾਹੀ, ਤੰਗ-ਪ੍ਰੇਸ਼ਾਨ ਕਰਨਾ ਅਤੇ ਭੇਦਭਾਵ ਵਿਅਕਤੀਆਂ ਨੂੰ STEM ਸੈਕਟਰਾਂ ਦੇ ਅੰਦਰ ਉੱਚ ਸਿੱਖਿਆ ਅਤੇ ਕੈਰੀਅਰ ਬਣਾਉਣ ਤੋਂ ਰੋਕਣ ਵਾਲੀਆਂ ਅਹਿਮ ਰੁਕਾਵਟਾਂ ਹਨ। ਲਿੰਗ ਅਸਮਾਨਤਾ, STEM ਸੈਕਟਰਾਂ ਵਿੱਚ ਇੱਕ ਮੁੱਖ ਸ਼ਕਤੀ ਅਸਮਾਨਤਾ ਵਜੋਂ ਪਛਾਣੀ ਜਾਂਦੀ ਹੈ, ਵਿਰੋਧਮਈ ਕਾਰਜ ਸਥਾਨਾਂ ਵਿੱਚ ਯੋਗਦਾਨ ਪਾਉਂਦੀ ਹੈ।[14] 2017 ਅਤੇ 2022 ਦੇ ਵਿਚਕਾਰ 41% ਔਰਤਾਂ ਦੁਆਰਾ ਇਸਦਾ ਅਨੁਭਵ ਕਰਨ ਨਾਲ ਕੰਮ ਵਾਲੀ ਥਾਂ 'ਤੇ ਜਿਨਸੀ ਤੌਰ 'ਤੇ ਤੰਗ-ਪ੍ਰੇਸ਼ਾਨ ਕੀਤੇ ਜਾਣਾ ਅਸਵੀਕਾਰਨਯੋਗ ਹੱਦ ਤੱਕ ਜ਼ਿਆਦਾ ਹੈ।[15] ਸਰਵੇਖਣ ਦੇ ਨਤੀਜੇ ਦਰਸਾਉਂਦੇ ਹਨ ਕਿ 25% ਖੋਜਕਰਤਾ ਇਹਨਾਂ ਕਾਰਨਾਂ ਕਰਕੇ ਖੋਜ ਛੱਡਣ ਬਾਰੇ ਸੋਚਦੇ ਹਨ।[16 ,17]

ਪ੍ਰਣਾਲੀਗਤ ਭੇਦਭਾਵ ਭਰਤੀ ਪ੍ਰਕਿਰਿਆਵਾਂ ਤੱਕ ਵੀ ਫ਼ੈਲਿਆ ਹੋਇਆ ਹੈ, ਜਿਸਦਾ ਸਬੂਤ ਐਡਮੋਵਿਕ ਅਤੇ ਲੀਬਬ੍ਰਾਂਟ ਦੁਆਰਾ ਕੀਤੇ ਗਏ ਇੱਕ ਫੀਲਡ ਪ੍ਰਯੋਗ ਦੁਆਰਾ ਦਰਸਾਇਆ ਗਿਆ ਹੈ। ਇਸ ਪ੍ਰਯੋਗ ਨੇ ਦਿਖਾਇਆ ਕਿ ਨਸਲੀ ਘੱਟ-ਗਿਣਤੀਆਂ ਨੂੰ ਗ਼ੈਰ-ਲੀਡਰਸ਼ਿਪ ਅਹੁਦਿਆਂ ਲਈ 45% ਘੱਟ ਸਕਾਰਾਤਮਕ ਜਵਾਬ, ਅਤੇ ਲੀਡਰਸ਼ਿਪ ਦੇ ਅਹੁਦਿਆਂ ਲਈ 57% ਤੱਕ ਘੱਟ ਸਕਾਰਾਤਮਕ ਜਵਾਬ ਪ੍ਰਾਪਤ ਹੁੰਦੇ ਹਨ।[18]

ਧੱਕੇਸ਼ਾਹੀ, ਤੰਗ-ਪ੍ਰੇਸ਼ਾਨ ਕਰਨ ਅਤੇ ਭੇਦਭਾਵ ਨੂੰ ਖ਼ਤਮ ਕਰਨ ਲਈ ਨਿਰੰਤਰ ਯਤਨ ਅਤੇ ਸੱਭਿਆਚਾਰਕ ਤਬਦੀਲੀ ਦੀ ਲੋੜ ਹੁੰਦੀ ਹੈ। ਇਹ ਨੀਤੀਆਂ ਨੂੰ ਲਾਗੂ ਕਰਨ ਜਾਂ ਇਕੱਲੀ ਵਚਨਬੱਧਤਾ ਕਰਨ ਤੋਂ ਅੱਗੇ ਜਾਣਾ ਲਾਜ਼ਮੀ ਹੈ। ਇਹਨਾਂ ਨੀਤੀਆਂ ਨੂੰ ਰਸਮੀ ਕਾਨੂੰਨ ਪਾਲਣਾ ਅਤੇ ਜਵਾਬਦੇਹੀ ਵਿਧੀਆਂ, ਅਤੇ ਲੀਡਰਸ਼ਿਪ ਤੋਂ ਸਪੱਸ਼ਟ ਸਮਰਥਨ ਦੇ ਨਾਲ ਸਮਰਥਿਤ ਕੀਤਾ ਜਾਣਾ ਚਾਹੀਦਾ ਹੈ।

---

[11] ਆਸਟ੍ਰੇਲੀਆਈ ਪਬਲਿਕ ਸਰਵਿਸ ਕਮਿਸ਼ਨ। (10 ਫਰਵਰੀ 2023)। *APS ਵਿੱਚ ਜਿਨਸੀ ਛੇੜਛਾੜ ਨੂੰ ਰੋਕਣਾ ਅਤੇ ਜਵਾਬੀ ਕਾਰਵਾਈ ਕਰਨਾ।* ਆਸਟ੍ਰੇਲੀਆਈ ਸਰਕਾਰ। *https://www.apsc.gov.au/working-aps/diversity-and-inclusion/resources/preventing-sexual-harassment*

[12] ਆਸਟ੍ਰੇਲੀਆ, ਅਤੇ ਆਸਟ੍ਰੇਲੀਆਈ ਕੈਪੀਟਲ ਟੈਰੀਟਰੀ, ਅਤੇ ਆਸਟ੍ਰੇਲੀਆਈ ਲੋਕਲ ਗਵਰਨਮੈਂਟ ਐਸੋਸੀਏਸ਼ਨ, ਅਤੇ ਨਿਊ ਸਾਊਥ ਵੇਲਜ਼, ਅਤੇ ਨੋਰਦਰਨ ਟੈਰੀਟ੍ਰੀ, ਅਤੇ ਕੁਈਨਜ਼ਲੈਂਡ, ਅਤੇ ਸਾਊਥ ਆਸਟ੍ਰੇਲੀਆ, ਅਤੇ ਤਸਮਾਨੀਆ, ਅਤੇ ਵਿਕਟੋਰੀਆ, ਅਤੇ ਵੈਸਟਰਨ ਆਸਟ੍ਰੇਲੀਆ, ਅਤੇ ਐਬੋਰਿਜਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਸੰਸਥਾਵਾਂ ਦਾ ਗੱਠਜੋੜ। (2020)। *ਪਾੜੇ ਨੂੰ ਬੰਦ ਕਰਨ ਬਾਰੇ ਰਾਸ਼ਟਰੀ ਸਮਝੌਤਾ।* https://www.closingthegap.gov.au/national-agreement

[13] ਖਜ਼ਾਨਾ ਵਿਭਾਗ (2023)। *ਕੰਮਕਾਜੀ ਭਵਿੱਖ: ਨੌਕਰੀਆਂ ਅਤੇ ਮੌਕਿਆਂ 'ਤੇ ਆਸਟ੍ਰੇਲੀਆਈ ਸਰਕਾਰ ਦਾ ਵ੍ਹਾਈਟ ਪੇਪਰ।*ਆਸਟ੍ਰੇਲੀਆਈ ਸਰਕਾਰ। https://treasury.gov.au/sites/default/files/2023-10/p2023-447996-working-future.pdf

[14] ਆਸਟ੍ਰੇਲੀਆਈ ਮਨੁੱਖੀ ਅਧਿਕਾਰ ਕਮਿਸ਼ਨ (2020)। *Respect@Work: ਜਿਨਸੀ ਤੌਰ 'ਤੇ ਤੰਗ-ਪ੍ਰੇਸ਼ਾਨ ਕਰਨ ਬਾਰੇ ਰਾਸ਼ਟਰੀ ਜਾਂਚ ਦੀ ਰਿਪੋਰਟ। https://humanrights.gov.au/our-work/sex-discrimination/publications/respectwork-sexual-harassment-national-inquiry-report-2020*

[15] ਖਜ਼ਾਨਾ ਵਿਭਾਗ (2023)। *ਕੰਮਕਾਜੀ ਭਵਿੱਖ: ਨੌਕਰੀਆਂ ਅਤੇ ਮੌਕਿਆਂ 'ਤੇ ਆਸਟ੍ਰੇਲੀਆਈ ਸਰਕਾਰ ਦਾ ਵ੍ਹਾਈਟ ਪੇਪਰ।* ਆਸਟ੍ਰੇਲੀਆਈ ਸਰਕਾਰ। https://treasury.gov.au/sites/default/files/2023-10/p2023-447996-working-future.pdf

[16] ਆਸਟ੍ਰੇਲੀਅਨ ਕਾਉਂਸਿਲ ਆਫ਼ ਲਰਨਡ ਅਕੈਡਮੀਜ਼। (2023)। *ਆਸਟ੍ਰੇਲੀਆ ਵਿੱਚ ਖੋਜ ਮੁਲਾਂਕਣ: ਆਧੁਨਿਕੀਕਰਨ ਲਈ ਸਬੂਤ।* ਮੁੱਖ ਵਿਗਿਆਨੀ ਦਾ ਦਫ਼ਤਰ, ਆਸਟ੍ਰੇਲੀਆਈ ਸਰਕਾਰ। https://www.chiefscientist.gov.au/ResearchAssessment

[17] ਸਿੱਖਿਆ ਵਿਭਾਗ (2023)। *ਆਸਟ੍ਰੇਲੀਆਈ ਯੂਨੀਵਰਸਿਟੀਆਂ ਦੇ ਸਮਝੌਤੇ ਦੀ ਅੰਤਰਿਮ ਰਿਪੋਰਟ*ਆਸਟ੍ਰੇਲੀਆਈ ਸਰਕਾਰ। https://www.education.gov.au/australian-universities-accord/resources/accord-interim-report

[18] ਐਡਮੋਵਿਕ, ਐੱਮ., ਅਤੇ ਲੀਬਬ੍ਰਾਂਟ, ਏ. (2023)। ਕੀ ਨਸਲੀ ਘੱਟ-ਗਿਣਤੀਆਂ ਲਈ ਲੀਡਰਸ਼ਿਪ ਦੇ ਅਹੁਦਿਆਂ ਵਿੱਚ ਦਾਖਲ ਹੋਣ ਲਈ ਟੁੱਟਣਯੋਗ ਛੱਤ ਹੈ? 12,000 ਤੋਂ ਵੱਧ ਨੌਕਰੀ ਅਰਜ਼ੀਆਂ ਨਾਲ ਇੱਕ ਫੀਲਡ ਪ੍ਰਯੋਗ ਤੋਂ ਸਬੂਤ। *ਲੀਡਰਸ਼ਿਪ ਤਿਮਾਹੀ*, 34(2), 101655. https://doi.org/10.1016/j.leaqua.2022.101655

**STEM ਕਾਮਿਆਂ ਨੂੰ ਰੁਜ਼ਗਾਰ ਦੇਣ ਵਾਲੀਆਂ ਸੰਸਥਾਵਾਂ ਨੂੰ ਲਾਜ਼ਮੀ ਤੌਰ 'ਤੇ ਵਿਭਿੰਨਤਾ ਦੀ ਕਦਰ ਕਰਨ ਵਾਲੇ ਸ਼ਮੂਲੀਅਤ ਭਰੇ ਕਾਰਜ ਸਥਾਨ ਬਣਾਉਣੇ ਚਾਹੀਦੇ ਹਨ**

**ਸਿਫ਼ਾਰਸ਼ 4**

ਇਹ ਪੈਨਲ ਸਿਫ਼ਾਰਸ਼ ਕਰਦਾ ਹੈ ਕਿ STEM ਕਾਮਿਆਂ ਨੂੰ ਰੁਜ਼ਗਾਰ ਦੇਣ ਵਾਲੀ ਹਰ ਸੰਸਥਾ, ਜਿਸ ਵਿੱਚ ਆਸਟ੍ਰੇਲੀਆਈ ਸਰਕਾਰ ਵੀ ਸ਼ਾਮਲ ਹੈ, ਘੱਟ-ਨੁਮਾਇੰਦਗੀ ਵਾਲੇ ਸਮੂਹਾਂ ਨੂੰ ਆਕਰਸ਼ਿਤ ਕਰਨ, ਨੌਕਰੀਆਂ ਬਰਕਰਾਰ ਰੱਖਣ ਅਤੇ ਪ੍ਰੋਤਸਾਹਨ ਵਧਾਉਣ ਲਈ ਇੱਕ ਯੋਜਨਾ ਨੂੰ ਅਪਣਾਏ ਅਤੇ ਜਨਤਕ ਕਰੇ, ਅਤੇ ਇਸਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਵਚਨਬੱਧ ਹੋਵੇ। *ਵਰਕਪਲੇਸ ਐਕਸ਼ਨ ਫਰੇਮਵਰਕ ਨੂੰ* ਇਸ ਕੰਮ ਦਾ ਆਧਾਰ ਬਣਾਉਣਾ ਚਾਹੀਦਾ ਹੈ।




*ਫ਼ੋਟੋ ਲਈ ਧੰਨਵਾਦ: ਇੰਜੀਨੀਅਰਜ਼ ਆਸਟ੍ਰੇਲੀਆ*

## ਵਰਕਪਲੇਸ ਐਕਸ਼ਨ ਫਰੇਮਵਰਕ

## STEM ਕਰਮਚਾਰੀਆਂ ਨੂੰ ਰੁਜ਼ਗਾਰ ਦੇਣ ਵਾਲੀਆਂ ਸੰਸਥਾਵਾਂ ਨੂੰ ਇਹ ਕਰਨਾ ਚਾਹੀਦਾ ਹੈ:

<table>
<tr><th>ਪ੍ਰਬੰਧਨ ਅਤੇ ਨਿਗਰਾਨੀ ਲਈ ਨੀਤੀਆਂ ਵਿਕਸਿਤ ਕਰਨਾ</th><th>ਸਹਾਇਤਾ ਅਤੇ ਵਿਵਹਾਰ ਨੂੰ ਬਦਲਣ ਲਈ ਕਾਰਵਾਈਆਂ ਨੂੰ ਵਿੱਚ ਜੋੜਨਾ</th><th>ਤਬਦੀਲੀ ਨੂੰ ਤੇਜ਼ ਕਰਨ ਲਈ ਜਵਾਬਦੇਹੀ ਅਤੇ ਪਾਰਦਰਸ਼ਤਾ ਦਾ ਪ੍ਰਦਰਸ਼ਨ ਕਰਨਾ</th></tr>
<tr><td colspan="2">ਸੁਰੱਖਿਅਤ ਅਤੇ ਸ਼ਮੂਲੀਅਤ ਵਾਲਾ ਵਾਤਾਵਰਣ ਬਣਾਉਣਾ</td><td rowspan="14">ਮਾਪਣਯੋਗ ਉਦੇਸ਼ ਸੈੱਟ ਕਰਨਾ ਅਤੇ ਤਰੱਕੀ ਨੂੰ ਟਰੈਕ ਕਰਨਾ। ਉਦਯੋਗ ਦੇ ਸਾਥੀਆਂ ਅਤੇ ਪ੍ਰਮੁੱਖ ਅਭਿਆਸਾਂ ਦੇ ਹਿਸਾਬ ਨਾਲ ਬੈਂਚਮਾਰਕ ਕਰਨਾ।<br><br>ਵਿਭਿੰਨਤਾ ਨੂੰ ਵਧਾਉਣ ਲਈ ਕਾਰਵਾਈਆਂ ਦਾ ਨਿਰਪੱਖਤਾ ਨਾਲ ਮੁਲਾਂਕਣ ਕਰਨਾ ਜਿਵੇਂ ਕਿ ਇੱਕ ਸੁਤੰਤਰ ਆਡਿਟ ਦੁਆਰਾ।<br><br>ਵਿਭਿੰਨਤਾ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਪ੍ਰਤੀਕੂਲ ਵਿਵਹਾਰ ਅਤੇ ਤਰੱਕੀ ਨੂੰ ਹੱਲ ਕਰਨ ਲਈ ਬੋਰਡ ਦੀਆਂ ਕਾਰਵਾਈਆਂ ਦਾ ਖੁਲਾਸਾ ਕਰਨਾ।<br><br>ਆਗੂਆਂ ਲਈ ਇੱਕ ਮੁੱਖ ਯੋਗਤਾ ਦੇ ਤੌਰ 'ਤੇ ਸ਼ਮੂਲੀਅਤ ਨੂੰ ਪੇਸ਼ ਕਰਨਾ ਅਤੇ ਵਿਭਿੰਨਤਾ ਦੇ ਉਦੇਸ਼ਾਂ ਨੂੰ ਪ੍ਰਦਰਸ਼ਨ ਅਤੇ ਮੁਆਵਜ਼ੇ ਨਾਲ ਜੋੜਨਾ।<br><br>ਤਨਖ਼ਾਹ ਦੇ ਅੰਕੜਿਆਂ ਅਤੇ ਵਿਭਿੰਨਤਾ ਨਾਲ ਸੰਬੰਧਿਤ ਸਾਰੀਆਂ ਰਣਨੀਤੀਆਂ, ਨੀਤੀਆਂ, ਤਰੱਕੀ ਅਤੇ ਡੇਟਾ ਦਾ ਜਨਤਕ ਤੌਰ 'ਤੇ ਖੁਲਾਸਾ ਕਰਨਾ।<br><br>ਘੱਟ-ਨੁਮਾਇੰਦਗੀ ਵਾਲੇ ਸਮੂਹਾਂ ਵਿੱਚ ਭਰਤੀ ਅਤੇ ਤਰੱਕੀ ਦੀਆਂ ਦਰਾਂ ਵਿੱਚ ਅਸਮਾਨਤਾ ਦੀ ਜਾਂਚ ਕਰਨਾ ਅਤੇ ਹੱਲ ਕਰਨਾ।</td></tr>
<tr><td>ਕਦਰਾਂ-ਕੀਮਤਾਂ ਅਤੇ ਆਚਾਰ-ਸੰਹਿਤਾ ਰੱਖਣਾ ਅਤੇ ਪ੍ਰਗਟ ਕਰਨਾ ਅਤੇ ਇੱਕ ਗੁਪਤ ਅਤੇ ਅਗਿਆਤ ਰਿਪੋਰਟ ਕਰਨ ਵਾਲੀ ਪ੍ਰਣਾਲੀ ਦਾ ਹੋਣਾ।</td><td>ਸਪੱਸ਼ਟ ਨਤੀਜੇ ਸਥਾਪਿਤ ਕਰਨਾ, ਪ੍ਰਤੀਕੂਲ ਵਿਵਹਾਰ ਦੀ ਜਾਂਚ ਕਰਨਾ[19] ਤੁਰੰਤ, ਅਤੇ ਅਨੁਸ਼ਾਸਨੀ ਕਾਰਵਾਈ ਨੂੰ ਲਾਗੂ ਕਰਨਾ।</td></tr>
<tr><td>ਵਿਭਿੰਨਤਾ ਰਣਨੀਤੀ ਰੱਖਣਾ ਅਤੇ ਪ੍ਰਗਟ ਕਰਨਾ।</td><td>ਸ਼ਮੂਲੀਅਤ ਵਾਲੇ ਰਵੱਈਏ ਅਤੇ ਵਿਵਹਾਰ ਨੂੰ ਵਿਕਸਤ ਕਰਨ ਲਈ ਲਾਜ਼ਮੀ ਸਿਖਲਾਈ ਪ੍ਰੋਗਰਾਮ ਪ੍ਰਦਾਨ ਕਰਨਾ।</td></tr>
<tr><td colspan="2">ਘੱਟ-ਨੁਮਾਇੰਦਗੀ ਵਾਲੀ ਪ੍ਰਤਿਭਾ ਨੂੰ ਆਕਰਸ਼ਿਤ ਕਰਨਾ ਅਤੇ ਭਰਤੀ ਕਰਨਾ</td></tr>
<tr><td>ਰੁਜ਼ਗਾਰ ਦੇ ਬਰਾਬਰ ਮੌਕਿਆਂ ਦੀ ਨੀਤੀ ਰੱਖਣਾ ਅਤੇ ਖੁਲਾਸਾ ਕਰਨਾ।</td><td>ਮੈਨੇਜਰਾਂ ਨੂੰ ਭਰਤੀ ਕਰਨ ਲਈ ਸ਼ਮੂਲੀਅਤ ਵਾਲੇ ਭਰਤੀ ਅਭਿਆਸਾਂ ਅਤੇ ਰੈਗੂਲੇਟਰੀ ਸਿੱਖਿਆ ਨੂੰ ਲਾਗੂ ਕਰਨਾ।</td></tr>
<tr><td>ਮਿਆਰੀ ਤਨਖ਼ਾਹ ਦੇ ਪੜਾਵਾਂ ਨਾਲ ਇੱਕ ਢਾਂਚਾਗਤ ਮੁਆਵਜ਼ਾ ਮਾਡਲ ਸਥਾਪਤ ਕਰਨਾ।</td><td>ਭਰਤੀ ਸਮੇਂ ਅਤੇ ਕਰਮਚਾਰੀਆਂ ਦੇ ਕੈਰੀਅਰ ਦੌਰਾਨ ਬਰਾਬਰ ਭੁਗਤਾਨ ਕਰਨ ਲਈ ਵਚਨਬੱਧ ਹੋਣਾ।</td></tr>
<tr><td colspan="2">ਘੱਟ-ਨੁਮਾਇੰਦਗੀ ਵਾਲੀ ਪ੍ਰਤਿਭਾ ਨੂੰ ਨੌਕਰੀ ਵਿੱਚ ਬਰਕਰਾਰ ਰੱਖਣਾ ਅਤੇ ਸਮਰਥਨ ਕਰਨਾ</td></tr>
<tr><td>ਸ਼ਮੂਲੀਅਤ ਕਰਨ ਲਈ ਵਚਨਬੱਧਤਾ ਨੂੰ ਦਰਸਾਉਣ ਵਾਲੀਆਂ ਨੀਤੀਆਂ ਰੱਖਣਾ ਅਤੇ ਉਹਨਾਂ ਦਾ ਖੁਲਾਸਾ ਕਰਨਾ।</td><td>"ਔਪਟ-ਆਉਟ" ਵਜੋਂ ਲਚਕਦਾਰ ਕੰਮ ਦੀ ਪੇਸ਼ਕਸ਼ ਕਰਨਾ ਅਤੇ ਯਕੀਨੀ ਬਣਾਉਣਾ ਕਿ ਕਾਰਜ ਸਥਾਨ ਆਪਣੇ-ਆਪ ਹੀ ਸਭ ਲਈ ਪਹੁੰਚਯੋਗ ਹਨ।</td></tr>
<tr><td>ਮਾਨਤਾ ਅਤੇ ਇਨਾਮ ਪ੍ਰਣਾਲੀਆਂ ਦੀ ਸਥਾਪਨਾ ਕਰਨਾ ਜੋ ਭੇਦਭਾਵ ਨੂੰ ਖ਼ਤਮ ਕਰਦੀਆਂ ਹਨ ਅਤੇ ਸਮਾਨਤਾ ਨੂੰ ਯਕੀਨੀ ਬਣਾਉਂਦੀਆ ਹਨ।</td><td>ਸਹਾਇਤਾ, ਪ੍ਰੇਰਨਾ ਅਤੇ ਰੁਝੇਵੇਂ ਪ੍ਰਦਾਨ ਕਰਨ ਲਈ ਕਰਮਚਾਰੀ ਨੈੱਟਵਰਕ ਸਥਾਪਿਤ ਕਰਨਾ।</td></tr>
<tr><td>ਭਵਿੱਖ ਦੇ ਆਗੂਆਂ ਦੀ ਪਛਾਣ ਕਰਨ ਲਈ ਇੱਕ ਹੁਨਰ ਮੈਟ੍ਰਿਕਸ ਅਤੇ ਉਤਰਾਧਿਕਾਰ ਯੋਜਨਾ ਵਿਕਸਿਤ ਕਰਨਾ।</td><td>ਲੀਡਰਸ਼ਿਪ ਹੁਨਰ ਅਤੇ ਸੰਬੰਧਾਂ ਨੂੰ ਵਿਕਸਤ ਕਰਨ ਲਈ ਭਵਿੱਖ ਦੇ ਆਗੂਆਂ ਲਈ ਪ੍ਰੋਗਰਾਮ ਬਣਾਉਣਾ।</td></tr>
<tr><td colspan="2">ਨਿਰੰਤਰ ਸੁਧਾਰ ਦਾ ਸੱਭਿਆਚਾਰ ਸਥਾਪਿਤ ਕਰਨਾ</td></tr>
<tr><td>ਸਾਰੀਆਂ ਪਹਿਲਕਦਮੀਆਂ ਦੀ ਸਫ਼ਲਤਾ ਦੀ ਨਿਗਰਾਨੀ ਅਤੇ ਮੁਲਾਂਕਣ ਕਰਨ ਲਈ ਇੱਕ ਢਾਂਚਾ ਸਥਾਪਤ ਕਰਨਾ।</td><td>ਨਿਯਮਤ ਨਿਗਰਾਨੀ ਅਤੇ ਨਤੀਜਿਆਂ ਦੇ ਮੁਲਾਂਕਣ ਦੇ ਅਧਾਰ 'ਤੇ ਤਬਦੀਲੀਆਂ ਨੂੰ ਲਾਗੂ ਕਰਨਾ।</td></tr>
</table>

[19] ਪ੍ਰਤੀਕੂਲ ਵਿਵਹਾਰ ਵਿੱਚ ਨਸਲਵਾਦ ਸਮੇਤ ਧੱਕੇਸ਼ਾਹੀ, ਤੰਗ-ਪ੍ਰੇਸ਼ਾਨ ਕਰਨਾ ਅਤੇ ਭੇਦਭਾਵ ਕਰਨਾ ਸ਼ਾਮਲ ਹੈ।

## *ਇਸ ਸਿਫ਼ਾਰਸ਼ ਲਈ ਮੁੱਖ ਨੁਕਤੇ*

ਯੋਜਨਾਵਾਂ ਨੂੰ:

- ਮੌਜੂਦਾ ਯਤਨਾਂ (ਜੋ ਕਾਨੂੰਨੀ ਸ਼ਰਤਾਂ 'ਤੇ ਅਧਾਰਿਤ ਹਨ ਉਹਨਾਂ ਸਮੇਤ) ਦਾ ਵਿਸਥਾਰ ਕਰਨਾ ਚਾਹੀਦਾ ਹੈ, ਉਹਨਾਂ ਦੀ ਨਕਲ ਨਹੀਂ ਕਰਨੀ ਚਾਹੀਦੀ
- ਸਬੂਤ-ਆਧਾਰਿਤ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਸ਼ਾਮਲ ਕਰਦਿਆਂ ਹੋਇਆ ਵਰਕਪਲੇਸ ਐਕਸ਼ਨ ਫਰੇਮਵਰਕ ਦੀਆਂ ਕਾਰਵਾਈਆਂ ਵਿੱਚ ਅੱਗੇ ਵਧਣਾ ਚਾਹੀਦਾ ਹੈ
- ਧੱਕੇਸ਼ਾਹੀ, ਤੰਗ-ਪ੍ਰੇਸ਼ਾਨ ਕਰਨ ਅਤੇ ਭੇਦਭਾਵ ਨੂੰ ਖ਼ਤਮ ਕਰਨ ਲਈ ਸਪੱਸ਼ਟ ਕਾਰਵਾਈਆਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ
- ਅਭਿਲਾਸ਼ੀ ਹੋਣਾ ਚਾਹੀਦਾ ਹੈ ਅਤੇ ਸੰਸਥਾ ਦੇ ਸੰਦਰਭ ਲਈ ਤਿਆਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ
- ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ ਅਤੇ ਨਿਯਮਿਤ ਤੌਰ 'ਤੇ ਅੱਪਡੇਟ ਕੀਤਾ ਜਾਣਾ ਚਾਹੀਦਾ ਹੈ।

ਸੁਧਰੇ ਹੋਏ ਸੰਚਾਲਨ, ਪਾਰਦਰਸ਼ਤਾ ਅਤੇ ਜਵਾਬਦੇਹੀ ਦੇ ਉਪਾਵਾਂ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ:

- ਸਾਰੇ ਕਰਮਚਾਰੀਆਂ ਨੂੰ ਯੋਜਨਾ ਮੁਹੱਈਆ ਕਰਨਾ ਅਤੇ ਇਸਨੂੰ ਜਨਤਕ ਤੌਰ 'ਤੇ ਉਪਲਬਧ ਕਰਵਾਉਣਾ ਅਤੇ ਲੱਭਣਾ ਆਸਾਨ ਬਣਾਉਣਾ।
- ਯੋਜਨਾ ਨੂੰ ਲਾਗੂ ਕਰਨ ਦੀ ਤਰੱਕੀ ਬਾਰੇ ਜਨਤਕ ਤੌਰ 'ਤੇ ਰਿਪੋਰਟ ਕਰਨਾ
- ਕਾਰਜਕਾਰੀ ਅਤੇ ਬੋਰਡ ਮੁਲਾਂਕਣ ਨੂੰ ਪ੍ਰਭਾਵੀ ਸੰਚਾਲਨ ਅਤੇ ਯੋਜਨਾ ਦੀ ਡਿਲੀਵਰੀ ਨਾਲ ਜੋੜਨਾ
- ਸੰਸਥਾਤਮਕ ਉਤਪਾਦਕਤਾ ਅਤੇ ਸਫ਼ਲਤਾ ਦੇ ਮੁੱਖ ਭਾਗਾਂ ਦੇ ਰੂਪ ਵਿੱਚ ਸੁਰੱਖਿਆ ਅਤੇ ਸ਼ਮੂਲੀਅਤ ਬਾਰੇ ਆਗੂਆਂ ਲਈ ਸੰਸਥਾ-ਵਿਆਪੀ ਸਿਖਲਾਈ
- ਧੱਕੇਸ਼ਾਹੀ, ਤੰਗ-ਪ੍ਰੇਸ਼ਾਨ ਕਰਨ ਅਤੇ ਭੇਦਭਾਵ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਬਾਰੇ ਨਿਯਮਤ ਸੁਤੰਤਰ ਆਡਿਟ ਨੂੰ ਪੂਰਾ ਕਰਨਾ ਅਤੇ ਨਤੀਜਿਆਂ ਅਤੇ ਕਾਰਵਾਈਆਂ ਦੀ ਰਿਪੋਰਟ ਬੋਰਡ/ਪ੍ਰਸ਼ਾਸਨਕ ਸੰਸਥਾਵਾਂ ਨੂੰ ਕਰਨਾ।
- ਖੋਜਕਰਤਾਵਾਂ ਦੁਆਰਾ ਧੱਕੇਸ਼ਾਹੀ, ਤੰਗ-ਪ੍ਰੇਸ਼ਾਨ ਕਰਨ ਅਤੇ ਭੇਦਭਾਵ ਦੀਆਂ ਖੋਜਾਂ ਨੂੰ ਅਕਾਦਮਿਕ ਅਤੇ ਵਿਗਿਆਨਕ ਦੁਰਵਿਵਹਾਰ ਵਜੋਂ ਮਾਨਤਾ ਦੇਣਾ। ਇਹ ਪਹੁੰਚ ਸੰਸਥਾਵਾਂ ਦੇ ਅੰਦਰ ਅਤੇ ਫੰਡਿੰਗ ਸੰਸਥਾਵਾਂ ਦੁਆਰਾ ਲਾਗੂ ਕੀਤੀ ਜਾਣੀ ਚਾਹੀਦੀ ਹੈ।

## *ਅਸੀਂ ਇਸਦੀ ਸਿਫ਼ਾਰਸ਼ ਕਿਉਂ ਕਰਦੇ ਹਾਂ*

ਅਜਿਹੇ ਕਿਰਤ ਬਜ਼ਾਰ ਵਿੱਚ ਜਿੱਥੇ STEM ਕਾਮਿਆਂ ਦੀ ਬਹੁਤ ਜ਼ਿਆਦਾ ਮੰਗ ਹੁੰਦੀ ਹੈ, ਵਿੱਚ ਕੰਮ ਵਾਲੀ ਥਾਂ ਦਾ ਸੱਭਿਆਚਾਰਕ ਬਦਲਾਅ ਮਹੱਤਵਪੂਰਨ ਹੁੰਦਾ ਹੈ। STEM ਵਿੱਚ ਅੰਬੈਸਡਰ ਵਜੋਂ ਔਰਤਾਂ ਦੁਆਰਾ ਖੋਜ ਉਹਨਾਂ ਮੁੱਦਿਆਂ ਨੂੰ ਹੱਲ ਕਰਨ ਦੀ ਤੁਰੰਤ ਜ਼ਰੂਰਤ 'ਤੇ ਜ਼ੋਰ ਦਿੰਦੀ ਹੈ ਜੋ ਲੋਕਾਂ ਨੂੰ STEM ਕਿੱਤਿਆਂ ਤੋਂ ਬਾਹਰ ਕੱਢਦੇ ਹਨ।[20]

ਉੱਪਰ *ਵਰਕਪਲੇਸ ਐਕਸ਼ਨ ਫਰੇਮਵਰਕ* ਵਿੱਚ ਦੱਸੀਆਂ ਗਈਆਂ ਕਾਰਵਾਈਆਂ ਸਪੱਸ਼ਟ ਨੀਤੀਆਂ, ਸਬੂਤ-ਆਧਾਰਿਤ ਪ੍ਰੋਗਰਾਮਾਂ, ਅਤੇ ਮਜ਼ਬੂਤ ਜਵਾਬਦੇਹੀ ਅਤੇ ਪਾਰਦਰਸ਼ਤਾ 'ਤੇ ਜ਼ੋਰ ਦਿੰਦੇ ਹੋਏ ਮੌਜੂਦਾ ਵਿਭਿੰਨਤਾ ਅਤੇ ਸ਼ਮੂਲੀਅਤ ਵਾਲੀਆਂ ਯੋਜਨਾਵਾਂ 'ਤੇ ਅੱਗੇ ਵੱਧਣ ਲਈ ਇੱਕ ਆਧਾਰ ਪ੍ਰਦਾਨ ਕਰਦੀਆਂ ਹਨ।

ਅਸਲ ਤਬਦੀਲੀ STEM ਕਾਮਿਆਂ ਨੂੰ ਰੁਜ਼ਗਾਰ ਦੇਣ ਵਾਲੀਆਂ ਸੰਸਥਾਵਾਂ ਦੇ ਅੰਦਰ ਆਗੂਆਂ ਦੇ ਵਿਵਹਾਰ ਨਾਲ ਸ਼ੁਰੂ ਹੁੰਦੀ ਹੈ। ਬੋਰਡ ਅਤੇ ਸੀਨੀਅਰ ਆਗੂ ਕਿਸੇ ਸੰਸਥਾ ਦਾ ਲਹਿਜ਼ਾ ਤੈਅ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਸ਼ਮੂਲੀਅਤ ਕਰਨ ਲਈ ਲੀਡਰਸ਼ਿਪ ਦੀ ਵਚਨਬੱਧਤਾ ਸ਼ਬਦਾਂ ਤੋਂ ਪਰ੍ਹੇ ਹੋਣੀ ਚਾਹੀਦੀ ਹੈ। ਆਗੂਆਂ ਅਤੇ ਸੰਸਥਾਵਾਂ ਨੂੰ ਪਾਰਦਰਸ਼ਤਾ ਵਿਧੀਆਂ ਜਿਵੇਂ ਕਿ ਸੰਖਿਆਤਮਕ ਟੀਚਿਆਂ,

[20] STEM ਵਿੱਚ ਅੰਬੈਸਡਰ ਵਜੋਂ ਔਰਤਾਂ। (30 ਨਵੰਬਰ 2023)। *ਕਾਰਜ ਸਥਾਨ ਵਿੱਚ ਬਰਾਬਰਤਾ ਅਤੇ ਸ਼ਮੂਲੀਅਤ ਲਈ ਪਹਿਲਕਦਮੀਆਂ: ਸਾਥੀ-ਸਮੀਖਿਆ ਸਾਹਿਤ ਦੀਆਂ ਝਟਪਟ ਯੋਜਨਾਬੱਧ ਸਮੀਖਿਆਵਾਂ ਦੀ ਇੱਕ ਲੜੀ।* https://osf.io/preprints/osf/zmvjn

ਨੀਤੀਆਂ ਅਤੇ ਕੰਮ ਕਰਨ ਦੇ ਤਰੀਕਿਆਂ ਦੇ ਆਡਿਟ, ਅਤੇ ਨਿਯਮਤ ਨਿਗਰਾਨੀ ਅਤੇ ਰਿਪੋਰਟ ਕਰਨ ਦੇ ਨਾਲ ਜਵਾਬਦੇਹ ਹੋਣਾ ਚਾਹੀਦਾ ਹੈ।[21]

ਵਿਚਕਾਰਲੇ ਪੱਧਰ ਦੇ ਮੈਨੇਜਰ STEM ਸੰਸਥਾਵਾਂ ਵਿੱਚ ਕੰਮ ਕਰਨ ਵਾਲੇ ਵਿਭਿੰਨਤਾ ਸਮੂਹਾਂ ਦੇ ਰੋਜ਼ਾਨਾ ਅਨੁਭਵਾਂ ਅਤੇ ਮੌਕਿਆਂ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ।[22] ਸ਼ਮੂਲੀਅਤ ਪ੍ਰਬੰਧਨ ਇੱਕ ਮੁੱਖ ਯੋਗਤਾ ਹੋਣੀ ਚਾਹੀਦੀ ਹੈ, ਜੋ ਕਾਰਗੁਜ਼ਾਰੀ ਦੇ ਮੁਲਾਂਕਣਾਂ ਅਤੇ ਮਿਹਨਤਾਨੇ ਨਾਲ ਜੁੜੇ ਨਤੀਜਿਆਂ ਦੇ ਨਾਲ, ਸਮਾਨਤਾ ਅਤੇ ਸ਼ਮੂਲੀਅਤ ਨੂੰ ਕਿਵੇਂ ਚਲਾਉਣਾ ਹੈ ਇਸ ਬਾਰੇ ਲਾਜ਼ਮੀ ਅਤੇ ਨਿਰੰਤਰ ਸਿੱਖਿਆ ਦੇ ਨਾਲ ਸਮਰਥਤ ਹੋਣੀ ਚਾਹੀਦੀ ਹੈ।[23]

ਸੁਰੱਖਿਅਤ ਅਤੇ ਸ਼ਮੂਲੀਅਤ ਮਾਹੌਲ ਬਣਾਉਣ ਲਈ ਕਦਰਾਂ-ਕੀਮਤਾਂ ਅਤੇ ਆਚਾਰ ਸੰਹਿਤਾਵਾਂ ਨੂੰ ਅਪਣਾਉਣ ਅਤੇ ਉਤਸ਼ਾਹਿਤ ਕਰਨ, ਧੱਕੇਸ਼ਾਹੀ, ਤੰਗ-ਪ੍ਰੇਸ਼ਾਨ ਕਰਨ ਅਤੇ ਭੇਦਭਾਵ ਨੂੰ ਸਰਗਰਮੀ ਨਾਲ ਰੋਕਣ, ਅਤੇ ਉਲੰਘਣਾਵਾਂ ਦੀ ਰਿਪੋਰਟ ਕਰਨ ਲਈ ਵਿਧੀ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ। ਸੰਸਥਾਵਾਂ ਨੂੰ ਇਹ ਵੀ ਲਾਜ਼ਮੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕੰਮ ਵਾਲੀ ਥਾਂ 'ਤੇ ਆਦਰ, ਸਿਹਤ ਅਤੇ ਸੁਰੱਖਿਆ ਦੀਆਂ ਰੁਕਾਵਟਾਂ ਨੂੰ ਹੱਲ ਕੀਤਾ ਗਿਆ ਹੈ। ਇਸ ਵਿੱਚ ਸੱਭਿਆਚਾਰਕ ਜਾਂ ਧਾਰਮਿਕ ਰਿਵਾਇਤਾਂ ਨੂੰ ਸ਼ਾਮਲ ਕਰਨਾ ਸ਼ਾਮਲ ਹੈ।

ਸੰਸਥਾਵਾਂ ਨੂੰ ਭੇਦਭਾਵ ਨੂੰ ਅਮਰ ਕਰਨ ਤੋਂ ਬਚਣ ਲਈ ਭਰਤੀ ਕਰਨ ਦੇ ਤਰੀਕਿਆਂ ਦੀ ਲਾਜ਼ਮੀ ਜਾਂਚ ਅਤੇ ਫੇਰ-ਬਦਲ ਕਰਨਾ ਚਾਹੀਦਾ ਹੈ। ਬੋਰਡਾਂ 'ਤੇ ਹੁਨਰਾਂ ਦੇ ਉਚਿਤ ਮਿਸ਼ਰਣ ਨੂੰ ਯਕੀਨੀ ਬਣਾਉਣ ਲਈ ਇੱਕ ਹੁਨਰ ਮੈਟ੍ਰਿਕਸ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।[24] ਇਸ ਤਕਨੀਕ ਨੂੰ ਵਿਆਪਕ ਨੁਮਾਇੰਦਗੀ ਨੂੰ ਯਕੀਨੀ ਬਣਾਉਣ ਲਈ ਵਿਆਪਕ ਕਰਮਚਾਰੀਆਂ ਦੀ ਯੋਜਨਾਬੰਦੀ ਵਿੱਚ ਵੀ ਲਾਗੂ ਕੀਤਾ ਜਾ ਸਕਦਾ ਹੈ।

ਸ਼ਮੂਲੀਅਤ ਵਾਲੀ ਭਰਤੀ ਨੂੰ ਸ਼ਮੂਲੀਅਤ ਵਾਲੇ ਕਾਰਜ ਸਥਾਨਾਂ ਦੁਆਰਾ ਸਮਰਥਨ ਕੀਤਾ ਜਾਣਾ ਲਾਜ਼ਮੀ ਹੈ। ਕੁੱਝ ਉਮੀਦਵਾਰ ਕਿਸੇ ਸੰਸਥਾ ਵਿੱਚ ਸ਼ਮੂਲੀਅਤ ਦੀ ਕਮੀ ਦੇ ਕਾਰਨ ਕਿਸੇ ਭੂਮਿਕਾ ਨੂੰ ਅੱਗੇ ਨਾ ਨਿਭਾਉਣ ਦੀ ਚੋਣ ਕਰ ਸਕਦੇ ਹਨ।[25]

ਕਰਮਚਾਰੀਆਂ ਨੂੰ ਨੌਕਰੀ ਵਿੱਚ ਬਣਾਈ ਰੱਖਣ ਅਤੇ ਸਹਾਇਤਾ ਕਰਨ ਦੇ ਉਪਾਵਾਂ ਵਿੱਚ ਲਚਕਦਾਰ ਕੰਮ ਕਰਨ ਦੇ ਸਮੇਂ ਅਤੇ ਛੁੱਟੀ ਵਾਲੀਆਂ ਨੀਤੀਆਂ ਨੂੰ ਲਾਗੂ ਕਰਨਾ ਸ਼ਾਮਲ ਹੈ ਜੋ ਜੀਵਨ ਦੀਆਂ ਵਿਭਿੰਨ ਸਥਿਤੀਆਂ ਨੂੰ ਪਛਾਣਦੀਆਂ ਹਨ। ਸੰਸਥਾਵਾਂ ਨੂੰ ਲੀਡਰਸ਼ਿਪ ਦੀਆਂ ਭੂਮਿਕਾਵਾਂ ਵਿੱਚ ਵਿਭਿੰਨਤਾ ਵਧਾਉਣ ਲਈ ਕਿਰਿਆਸ਼ੀਲ ਰਣਨੀਤੀਆਂ ਵੀ ਲਾਗੂ ਕਰਨੀਆਂ ਚਾਹੀਦੀਆਂ ਹਨ। ਤਰਫ਼ਦਾਰੀ ਨੂੰ ਦੂਰ ਕਰਨ ਵਿੱਚ ਮੱਦਦ ਕਰਨ ਲਈ ਤਰੱਕੀ ਅਤੇ ਮਿਹਨਤਾਨੇ ਬਾਰੇ ਪ੍ਰਕਿਰਿਆਵਾਂ ਅਤੇ ਫ਼ੈਸਲੇ ਪਾਰਦਰਸ਼ੀ ਹੋਣੇ ਚਾਹੀਦੇ ਹਨ।

ਵਿਭਿੰਨ ਖੋਜਕਰਤਾਵਾਂ ਨੂੰ ਮਾਨਤਾ ਦੇਣ ਅਤੇ ਉਹਨਾਂ ਦੀ ਕਦਰ ਕਰਨ ਵਿੱਚ ਖੋਜ ਮੁਲਾਂਕਣ ਸਾਰਣੀਆਂ ਅਤੇ ਪ੍ਰਕਿਰਿਆਵਾਂ ਵਿੱਚ ਸੁਧਾਰ ਕਰਨਾ ਸ਼ਾਮਲ ਹੁੰਦਾ ਹੈ। ਖੋਜਕਰਤਾਵਾਂ ਨੂੰ ਖੋਜ ਕੈਰੀਅਰ ਵਿੱਚ ਬਰਕਰਾਰ ਰੱਖਣ ਲਈ ਉਹਨਾਂ ਨੂੰ ਨੌਕਰੀ ਦੀ ਸੁਰੱਖਿਆ ਪ੍ਰਦਾਨ ਕਰਨਾ ਬਹੁਤ ਜ਼ਰੂਰੀ ਹੈ। ਦੂਜੇ ਦੇਸ਼ਾਂ ਦੀਆਂ ਉਦਾਹਰਨਾਂ, ਜਿਵੇਂ ਕਿ ਨੀਦਰਲੈਂਡ, ਖੋਜ ਮੁਲਾਂਕਣ ਪ੍ਰਣਾਲੀਆਂ ਦੇ ਆਧੁਨਿਕੀਕਰਨ ਲਈ ਉਦਾਹਰਨ ਪੇਸ਼ ਕਰਦੇ ਹਨ।[26]

ਸੰਸਥਾਵਾਂ ਨੂੰ ਵਿਭਿੰਨਤਾ ਅਤੇ ਸ਼ਮੂਲੀਅਤ ਨੂੰ ਅੱਗੇ ਵਧਾਉਣ ਲਈ ਕਰਮਚਾਰੀਆਂ ਦੇ ਯਤਨਾਂ ਨੂੰ ਮਾਨਤਾ ਦੇਣੀ ਚਾਹੀਦੀ ਹੈ। ਕਾਰਵਾਈ ਅਕਸਰ ਕੁੱਝ ਵਿਅਕਤੀਆਂ, ਅਕਸਰ ਘੱਟ ਗਿਣਤੀ ਵਾਲੇ ਸਮੂਹਾਂ ਦੇ ਮੋਢਿਆਂ 'ਤੇ ਟਿਕੀ ਹੁੰਦੀ ਹੈ। ਐਲੀਸ਼ਿਪ, ਜਿੱਥੇ ਵਿਅਕਤੀ ਸਰਗਰਮੀ ਨਾਲ ਉਹਨਾਂ ਲੋਕਾਂ ਦੀ ਵਕਾਲਤ ਅਤੇ ਸਮਰਥਨ ਕਰਦੇ ਹਨ ਜੋ ਘੱਟ ਨੁਮਾਇੰਦਗੀ ਵਾਲੇ ਸਮੂਹਾਂ ਵਿੱਚ ਹੋਣ ਵਜੋਂ ਪਛਾਣੇ ਜਾਂਦੇ ਹਨ, ਤਬਦੀਲੀ ਨੂੰ ਲਿਆਉਣ ਲਈ ਘੱਟ ਨੁਮਾਇੰਦਗੀ ਵਾਲੇ ਸਮੂਹਾਂ ਉੱਪਰਲੇ ਬੋਝ ਨੂੰ ਘਟਾ ਸਕਦੇ ਹਨ।

---

[21] ASX ਕਾਰਪੋਰੇਟ ਗਵਰਨੈਂਸ ਕੌਂਸਲ। (ਫਰਵਰੀ 2019)। *ਕਾਰਪੋਰੇਟ ਗਵਰਨੈਂਸ ਦੇ ਸਿਧਾਂਤ ਅਤੇ ਸਿਫ਼ਾਰਸ਼ਾਂ* / https://www.asx.com.au/documents/asx-compliance/cgc-principles-and-recommendations-fourth-edn.pdf

[22] ਵਿਲੀਅਮਸਨ, ਐੱਸ., ਕੋਓਲੀ, ਐੱਲ., ਫੋਲੀ, ਐੱਮ., ਅਤੇ ਕੂਪਰ, ਆਰ. (2018)। *ਜਨਤਕ ਖੇਤਰ ਵਿੱਚ ਲਿੰਗ ਸਮਾਨਤਾ ਨੂੰ ਅੱਗੇ ਵਧਾਉਣ ਵਿੱਚ ਵਿਚਕਾਰਲੇ ਪੱਧਰ ਦੇ ਮੈਨੇਜਰਾਂ ਦੀ ਭੂਮਿਕਾ* / https://www.unsw.adfa.edu.au/sites/default/files/documents/Middle-Managers-and-Gender-Equity.pdf

[23] ਪ੍ਰੋਫ਼ੈਸਰ ਡੇਨਿਸ ਕਥਬਰਟ, ਕੇਅ ਲੈਥਮ, ਨਿਕੋਲਾ ਹੈਨਰੀ, ਐਸੋਸੀਏਟ ਪ੍ਰੋਫ਼ੈਸਰ ਰੋਬਿਨ ਬਰਨੈਕਲ, ਸੇਰੀਡਵੇਨ ਸਪਾਰਕ, ਡਾ: ਲਿਊਲ ਸਿਡੇਲਿਲ ਤੋਂ STEM ਵਿੱਚ ਵਿਭਿੰਨਤਾ ਲਈ ਮਾਰਗ ਦੀ ਸਮੀਖਿਆ ਨੂੰ ਆਈ ਸਬਮਿਸ਼ਨ।

[24] ASX ਕਾਰਪੋਰੇਟ ਗਵਰਨੈਂਸ ਕੌਂਸਲ। (ਫਰਵਰੀ 2019)। *ਕਾਰਪੋਰੇਟ ਗਵਰਨੈਂਸ ਦੇ ਸਿਧਾਂਤ ਅਤੇ ਸਿਫ਼ਾਰਸ਼ਾਂ* / https://www.asx.com.au/documents/asx-compliance/cgc-principles-and-recommendations-fourth-edn.pdf

[25] ਮੈਕਿੰਸੀ ਐਂਡ ਕੰਪਨੀ। (ਜੂਨ 2020)। *ਸ਼ਮੂਲੀਅਤ ਵਾਲੇ ਕਾਰਜ ਸਥਾਨ ਲਈ ਸੰਸਥਾਤਮਕ ਰੁਕਾਵਟਾਂ ਨੂੰ ਸਮਝਣਾ*। https://www.mckinsey.com/~/media/McKinsey/Business%20Functions/Organization/Our%20Insights/Understanding%20organizational%20barriers%20to%20a%20more%20inclusive%20workplace/Understanding-tobarriers a-more-inclusive-workplace.pdf

[26] ਆਸਟ੍ਰੇਲੀਅਨ ਕਾਉਂਸਿਲ ਆਫ਼ ਲਰਨਡ ਅਕੈਡਮੀਜ਼। (2023)। *ਆਸਟ੍ਰੇਲੀਆ ਵਿੱਚ ਖੋਜ ਮੁਲਾਂਕਣ: ਆਧੁਨਿਕੀਕਰਨ ਲਈ ਸਬੂਤ*। https://acola.org/research-assessment/

**ਆਸਟ੍ਰੇਲੀਆਈ ਸਰਕਾਰ ਨੂੰ ਲਾਜ਼ਮੀ ਤੌਰ 'ਤੇ STEM ਕਾਮਿਆਂ ਨੂੰ ਨੌਕਰੀ ਦੇਣ ਵਾਲੀਆਂ ਸੰਸਥਾਵਾਂ ਨੂੰ ਸੁਰੱਖਿਅਤ, ਵਿਭਿੰਨਤਾ ਅਤੇ ਸ਼ਮੂਲੀਅਤ ਭਰੇ ਕਾਰਜ ਸਥਾਨਾਂ ਨੂੰ ਬਣਾਉਣ ਲਈ ਜਵਾਬਦੇਹ ਬਣਾਉਣਾ ਚਾਹੀਦਾ ਹੈ ਜੋ ਜਨਤਕ ਮਾਲੀ ਸਹਾਇਤਾ ਪ੍ਰਾਪਤ ਕਰਦੀਆਂ ਹਨ।**

**ਸਿਫ਼ਾਰਸ਼ 5**

ਇਹ ਪੈਨਲ ਸਿਫ਼ਾਰਸ਼ ਕਰਦਾ ਹੈ ਕਿ ਆਸਟ੍ਰੇਲੀਆਈ ਸਰਕਾਰ ਇਨ੍ਹਾਂ ਦੁਆਰਾ ਆਸਟ੍ਰੇਲੀਆਈ STEM ਕਾਰਜ ਸਥਾਨਾਂ ਨੂੰ ਸੁਰੱਖਿਅਤ ਅਤੇ ਵਧੇਰੇ ਵਿਭਿੰਨਤਾ ਅਤੇ ਸ਼ਮੂਲੀਅਤ ਭਰੇ ਬਣਾਉਣ ਲਈ ਕਾਰਵਾਈ ਕਰੇ:

- ਸਿਫ਼ਾਰਸ਼ਾਂ 3 ਅਤੇ 4 'ਤੇ ਕਾਰਵਾਈ ਕਰਨ ਦੀ ਲੋੜ ਲਈ STEM-ਸੰਬੰਧੀ ਪ੍ਰੋਗਰਾਮਾਂ, ਸੇਵਾਵਾਂ ਜਾਂ ਗਤੀਵਿਧੀਆਂ ਲਈ ਆਸਟ੍ਰੇਲੀਆਈ ਸਰਕਾਰ ਦੀਆਂ ਗ੍ਰਾਂਟਾਂ ਅਤੇ ਖ਼ਰੀਦ ਲਈ ਪ੍ਰਕਿਰਿਆਵਾਂ ਨੂੰ ਬਦਲ ਕੇ।
- ਇਹਨਾਂ ਵਾਧੂ ਲੋੜਾਂ ਨੂੰ ਉਹਨਾਂ ਦੀਆਂ ਗ੍ਰਾਂਟਾਂ ਦੀਆਂ ਪ੍ਰਕਿਰਿਆਵਾਂ ਵਿੱਚ ਸ਼ਾਮਲ ਕਰਨ ਲਈ ਸਰਕਾਰੀ ਖੋਜ-ਫੰਡਿੰਗ ਸੰਸਥਾਵਾਂ ਨੂੰ ਢੁੱਕਵੇਂ ਰੂਪ ਵਿੱਚ ਸਰੋਤ ਬਣਾ ਕੇ।
- ਸੰਸਥਾਵਾਂ ਨੂੰ ਸਿਫ਼ਾਰਸ਼ਾਂ 3 ਅਤੇ 4 ਨੂੰ ਲਾਗੂ ਕਰਨ ਵਿੱਚ ਮੱਦਦ ਕਰਨ ਲਈ ਮਾਰਗਦਰਸ਼ਨ ਪ੍ਰਦਾਨ ਕਰਕੇ।
- ਇਹ ਜਾਂਚ ਕਰਕੇ ਕਿ ਕੀ ਸਿਫ਼ਾਰਸ਼ਾਂ 3 ਅਤੇ 4 ਬਾਰੇ ਕਾਰਵਾਈ ਨੂੰ ਵਧਾਉਣ ਲਈ ਹੋਰ ਤਬਦੀਲੀਆਂ ਕਰਨ ਦੀ ਲੋੜ ਹੈ, ਜਿਵੇਂ ਕਿ:
  - ਕਾਨੂੰਨ ਵਿੱਚ ਬਦਲਾਅ
  - ਹੋਰ ਵਿੱਤੀ ਪ੍ਰਬੰਧਾਂ ਲਈ ਪ੍ਰਕਿਰਿਆਵਾਂ ਵਿੱਚ ਬਦਲਾਅ, ਜਿਵੇਂ ਕਿ ਉੱਦਮ ਪੂੰਜੀ ਅਤੇ ਕਰਜ਼ਿਆਂ ਲਈ ਸਹਾਇਤਾ।

ਨਿੱਜੀ ਫ਼ੰਡ ਦੇਣ ਵਾਲਿਆਂ, ਉਦਯੋਗਾਂ ਅਤੇ ਉੱਚ ਸਿੱਖਿਆ ਖੇਤਰ ਨੂੰ ਆਪਣੀਆਂ ਫੰਡਿੰਗ ਅਤੇ ਖ਼ਰੀਦ ਪ੍ਰਕਿਰਿਆਵਾਂ ਲਈ ਸਮਾਨ ਲੋੜਾਂ ਨਿਰਧਾਰਤ ਕਰਕੇ ਸੱਭਿਆਚਾਰਕ ਅਤੇ ਪ੍ਰਣਾਲੀਗਤ ਤਬਦੀਲੀ ਨੂੰ ਤੇਜ਼ ਕਰਨਾ ਚਾਹੀਦਾ ਹੈ। ਨਿੱਜੀ ਫ਼ੰਡ ਦੇਣ ਵਾਲੇ ਫੰਡਿੰਗ ਸੰਬੰਧੀ ਫ਼ੈਸਲਿਆਂ ਨੂੰ ਉਹਨਾਂ ਦੇ ਮੁੱਲਾਂ ਅਤੇ ਸੁਰੱਖਿਅਤ, ਸ਼ਮੂਲੀਅਤ ਅਤੇ ਵਿਭਿੰਨਤਾ ਭਰੇ STEM ਕਾਰਜ ਸਥਾਨਾਂ ਨੂੰ ਬਣਾਉਣ ਲਈ ਵਚਨਬੱਧਤਾ ਨਾਲ ਤੇਜ਼ੀ ਨਾਲ ਇਕਸਾਰ ਕਰ ਸਕਦੇ ਹਨ।

## *ਇਸ ਸਿਫ਼ਾਰਸ਼ ਲਈ ਮੁੱਖ ਨੁਕਤੇ*

ਗ੍ਰਾਂਟ ਅਤੇ ਖ਼ਰੀਦ ਪ੍ਰਕਿਰਿਆਵਾਂ ਵਿੱਚ ਤਬਦੀਲੀਆਂ ਵਿੱਚ ਇਹ ਸ਼ਾਮਲ ਹੋਣਾ ਚਾਹੀਦਾ ਹੈ:

- ਪ੍ਰਾਪਤਕਰਤਾ ਘੋਸ਼ਣਾਵਾਂ ਅਤੇ ਫੰਡਿੰਗ ਨਾਲ ਸੰਬੰਧਿਤ ਟੀਮਾਂ ਦੇ ਅੰਦਰ ਧੱਕੇਸ਼ਾਹੀ, ਤੰਗ-ਪ੍ਰੇਸ਼ਾਨ ਕਰਨ ਅਤੇ ਭੇਦਭਾਵ ਦੇ ਮੌਕਿਆਂ ਅਤੇ ਦੁਰਪ੍ਰਬੰਧਨ ਬਾਰੇ ਨਿਰੰਤਰ ਰਿਪੋਰਟਿੰਗ ਵਚਨਬੱਧਤਾਵਾਂ
- ਧੱਕੇਸ਼ਾਹੀ, ਤੰਗ-ਪ੍ਰੇਸ਼ਾਨ ਕਰਨ ਅਤੇ ਭੇਦਭਾਵ ਦੇ ਅਭਿਆਸਾਂ ਅਤੇ ਪ੍ਰਕਿਰਿਆਵਾਂ ਦੇ ਸੁਤੰਤਰ ਆਡਿਟ ਲਈ ਲੋੜਾਂ। ਇਹ ਵਿੱਤੀ ਆਡਿਟ ਦੀਆਂ ਲੋੜਾਂ, ਉਸ ਲੋੜ ਲਈ ਘੱਟੋ-ਘੱਟ ਸੀਮਾ ਸਮੇਤ ਪਹੁੰਚ ਵਿੱਚ ਸਮਾਨ ਹੋਣੀਆਂ ਚਾਹੀਦੀਆਂ ਹਨ
- ਧੱਕੇਸ਼ਾਹੀ, ਤੰਗ-ਪ੍ਰੇਸ਼ਾਨ ਕਰਨ ਜਾਂ ਭੇਦਭਾਵ ਦੇ ਗ਼ੈਰ-ਖੁਲਾਸੇ ਜਾਂ ਦੁਰਪ੍ਰਬੰਧਨ ਲਈ ਮੋੜਵਾਂ ਅਸਰ, ਜਿਵੇਂ ਕਿ ਫੰਡਿੰਗ ਤੋਂ ਇਨਕਾਰ ਜਾਂ ਵਾਪਸ ਲਿਆ ਜਾਣਾ
- ਵਿਭਿੰਨਤਾ ਅਤੇ ਸ਼ਮੂਲੀਅਤ ਭਰੇ ਕਾਰਜ ਸਥਾਨਾਂ ਨੂੰ ਬਣਾਉਣ ਲਈ ਕਾਰਵਾਈ ਦੀਆਂ ਵਿਆਪਕ ਲੋੜਾਂ।

ਸਿਫ਼ਾਰਸ਼ਾਂ 3 ਅਤੇ 4 ਨੂੰ ਲਾਗੂ ਕਰਨ ਵਿੱਚ ਸੰਸਥਾਵਾਂ ਦੀ ਮੱਦਦ ਕਰਨ ਲਈ ਮਾਰਗਦਰਸ਼ਨ ਵਿੱਚ ਇਹ ਸ਼ਾਮਲ ਹੋਣਾ ਚਾਹੀਦਾ ਹੈ:

- ਮੌਜੂਦਾ ਉੱਚ-ਗੁਣਵੱਤਾ ਵਾਲੇ ਸਾਧਨਾਂ ਅਤੇ ਸਰੋਤਾਂ ਨੂੰ ਇਕੱਠਾ ਕਰਨਾ ਤਾਂ ਜੋ ਉਹਨਾਂ ਨੂੰ ਲੱਭਣਾ ਅਤੇ ਵਰਤਣਾ ਆਸਾਨ ਬਣਾਇਆ ਜਾ ਸਕੇ
- ਸੰਸਥਾ ਦੇ ਆਕਾਰ ਅਤੇ ਪਰਿਪੱਕਤਾ ਦੇ ਆਧਾਰ 'ਤੇ ਉਮੀਦ ਕੀਤੀਆਂ ਜਾਂਦੀਆਂ ਨੀਤੀਆਂ ਅਤੇ ਕੰਮ ਕਰਨ ਦੇ ਤਰੀਕਿਆਂ ਬਾਰੇ ਮਾਰਗਦਰਸ਼ਨ।

## *ਅਸੀਂ ਇਸਦੀ ਸਿਫ਼ਾਰਸ਼ ਕਿਉਂ ਕਰਦੇ ਹਾਂ*

ਆਸਟ੍ਰੇਲੀਆਈ ਸਰਕਾਰ ਇਹ ਯਕੀਨੀ ਬਣਾ ਸਕਦੀ ਹੈ ਕਿ STEM ਸੰਸਥਾਵਾਂ ਨੂੰ ਅਲਾਟ ਕੀਤੇ ਗਏ ਜਨਤਕ ਫੰਡਾਂ ਨੂੰ ਧੱਕੇਸ਼ਾਹੀ, ਤੰਗ-ਪ੍ਰੇਸ਼ਾਨ ਕਰਨ, ਅਤੇ ਭੇਦਭਾਵ ਨੂੰ ਖ਼ਤਮ ਕਰਨ ਲਈ ਸਰਗਰਮੀ ਨਾਲ ਵਚਨਬੱਧ ਲੋਕਾਂ ਵੱਲ ਭੇਜਿਆ ਜਾਂਦਾ ਹੈ। ਇਸ ਪੈਨਲ ਦੁਆਰਾ ਕੀਤੀ ਗਈ ਸ਼ਮੂਲੀਅਤ ਨੇ ਮਜ਼ਬੂਤ ਸਰਕਾਰੀ ਲੀਡਰਸ਼ਿਪ ਅਤੇ ਕਾਰਵਾਈ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਸਰਕਾਰ ਨੂੰ ਉਦਾਹਰਨ ਦੇ ਕੇ ਅਗਵਾਈ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਹੈ।

ਸਰਕਾਰ ਫੰਡਿੰਗ ਵਿਧੀ ਰਾਹੀਂ ਧੱਕੇਸ਼ਾਹੀ, ਤੰਗ-ਪ੍ਰੇਸ਼ਾਨ ਕਰਨ ਅਤੇ ਭੇਦਭਾਵ ਨੂੰ ਖ਼ਤਮ ਕਰਨ ਲਈ ਅਸਲ ਕਾਰਵਾਈ ਕਰਨ ਦੀ ਲੋੜ ਲਈ ਜਵਾਬਦੇਹੀ ਵਧਾ ਸਕਦੀ ਹੈ। ਪ੍ਰਸਤਾਵਿਤ ਸਲਾਹਕਾਰ ਕੌਂਸਲ ਨੂੰ ਵੱਖ-ਵੱਖ ਵਿਕਲਪਾਂ ਦੀ ਡੂੰਘਾਈ ਨਾਲ ਪੜਚੋਲ ਕਰਨੀ ਚਾਹੀਦੀ ਹੈ। ਇਹ ਕੰਮ ਸਰਕਾਰ ਦੀਆਂ ਕਿਸੇ ਵੀ ਕਾਰਵਾਈਆਂ ਦਾ ਲਾਭ ਉਠਾ ਸਕਦਾ ਹੈ ਜੋ ਔਰਤਾਂ ਦੀ ਆਰਥਿਕ ਸਮਾਨਤਾ ਟਾਸਕਫੋਰਸ ਦੀਆਂ ਸਿਫ਼ਾਰਸ਼ਾਂ ਤੋਂ ਪੈਦਾ ਹੋਣ ਵਾਲੀਆਂ ਸਰਕਾਰੀ ਗ੍ਰਾਂਟਾਂ ਅਤੇ ਖ਼ਰੀਦਦਾਰੀ ਦਾ ਲਾਭ ਉਠਾਉਣ ਲਈ ਸ਼ਮੂਲੀਅਤ ਭਰੇ ਰੁਜ਼ਗਾਰ ਦੇ ਕੰਮ ਕਰਨ ਦੇ ਤਰੀਕਿਆਂ ਨੂੰ ਉਤਸ਼ਾਹਤ ਕਰਨ ਲਈ ਕਰ ਸਕਦਾ ਹੈ।[27]

ਉਹ ਉਪਾਅ ਜੋ ਜਵਾਬਦੇਹੀ ਨੂੰ ਯਕੀਨੀ ਬਣਾਉਂਦੇ ਹਨ ਅਤੇ STEM ਵਿੱਚ ਵਿਭਿੰਨਤਾ ਨੂੰ ਸਰਗਰਮੀ ਨਾਲ ਵਧਾਉਂਦੇ ਹਨ, ਨੂੰ ਫੰਡਿੰਗ ਸਮਝੌਤਿਆਂ ਵਿੱਚ ਜੋੜਿਆ ਜਾ ਸਕਦਾ ਹੈ। ਗ੍ਰਾਂਟ ਦਿਸ਼ਾ-ਨਿਰਦੇਸ਼ਾਂ, ਮੁਲਾਂਕਣ ਪ੍ਰਕਿਰਿਆਵਾਂ ਅਤੇ ਡੇਟਾ ਇਕੱਠਾ ਕਰਨ ਵਿੱਚ ਵਿਭਿੰਨਤਾ ਅਤੇ ਸ਼ਮੂਲੀਅਤ ਬਾਰੇ ਤਰੱਕੀ ਦੇ ਨਾਲ, ਲੀਡਰਸ਼ਿਪ ਦੀਆਂ ਭੂਮਿਕਾਵਾਂ ਵਿੱਚ ਘੱਟ-ਨੁਮਾਇੰਦਗੀ ਵਾਲੇ ਸਮੂਹਾਂ ਦੇ ਮੁੱਦੇ ਨੂੰ ਹੱਲ ਕਰਨ ਦੇ ਨਾਲ, ਧੱਕੇਸ਼ਾਹੀ, ਤੰਗ-ਪ੍ਰੇਸ਼ਾਨ ਕਰਨ, ਭੇਦਭਾਵ ਅਤੇ ਜਿਨਸੀ ਹਮਲੇ ਦੀਆਂ ਉਦਾਹਰਨਾਂ ਦੀ ਰਿਪੋਰਟ ਕਰਨ ਲਈ ਲੋੜਾਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ।

ਫੰਡਿੰਗ ਸਮਝੌਤਿਆਂ ਦੀਆਂ ਰਿਪੋਰਟਿੰਗ ਲੋੜਾਂ ਲਈ ਵਿਭਿੰਨਤਾ ਆਡਿਟ ਕਰਨਾ ਸ਼ੁਰੂ ਕਰਨਾ, ਜੋ ਧੱਕੇਸ਼ਾਹੀ, ਤੰਗ-ਪ੍ਰੇਸ਼ਾਨ ਕਰਨ ਅਤੇ ਭੇਦਭਾਵ ਦੇ ਦੋਸ਼ਾਂ ਅਤੇ ਮਾਮਲਿਆਂ ਲਈ ਨੀਤੀਆਂ ਅਤੇ ਪ੍ਰਕਿਰਿਆਵਾਂ ਦੀ ਜਾਂਚ ਕਰੇਗਾ, ਇੱਕ ਸੰਸਥਾ ਦੇ ਵਿਭਿੰਨਤਾ ਭਰੇ ਕੰਮ ਕਰਨ ਦੇ ਤਰੀਕਿਆਂ ਵਿੱਚ ਪਾਰਦਰਸ਼ਤਾ ਲਿਆਏਗਾ। ਇੱਕ ਖੁਦਮੁਖਤਿਆਰ ਜਾਂ ਬਾਹਰੀ ਪਾਰਟੀ ਦੁਆਰਾ ਕਰਵਾਏ ਜਾਂਦੇ ਆਡਿਟ, ਸਰਕਾਰੀ ਫ਼ੰਡ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਲਈ ਇੱਕ ਪਹਿਲਾਂ ਪੂਰੀ ਕੀਤੀ ਜਾਣ ਵਾਲੀ ਸ਼ਰਤ ਹੋਣੇ ਚਾਹੀਦੇ ਹਨ।

ਸਲਾਹਕਾਰ ਕੌਂਸਲ ਨੂੰ ਸਰਕਾਰੀ ਫ਼ੰਡ ਦੇਣ ਵਾਲੀਆਂ ਏਜੰਸੀਆਂ ਲਈ ਮਾਰਗਦਰਸ਼ਨ ਅਤੇ ਸੰਚਾਰ ਸਮੱਗਰੀ ਵਿਕਸਿਤ ਕਰਨ ਦੇ ਯਤਨਾਂ ਦੀ ਅਗਵਾਈ ਕਰਨੀ ਚਾਹੀਦੀ ਹੈ। ਇਹ ਸਮੱਗਰੀ, ਸਰਕਾਰਾਂ ਵਿੱਚ ਸਲਾਹ-ਮਸ਼ਵਰੇ ਦੁਆਰਾ ਵਿਕਸਿਤ ਕੀਤੀ ਗਈ ਹੈ, ਇਹਨਾਂ ਏਜੰਸੀਆਂ ਨੂੰ ਧੱਕੇਸ਼ਾਹੀ, ਤੰਗ-ਪ੍ਰੇਸ਼ਾਨ ਕਰਨ, ਅਤੇ ਭੇਦਭਾਵ ਨੂੰ ਖ਼ਤਮ ਕਰਨ ਲਈ ਵਚਨਬੱਧਤਾ ਦੀ ਬੇਨਤੀ ਕਰਨ ਦੇ ਮੌਕਿਆਂ ਦੀ ਵਿਆਖਿਆ ਕਰੇਗੀ। ਇਹ ਆਸਟ੍ਰੇਲੀਆਈ ਸਰਕਾਰ ਦੀਆਂ ਪ੍ਰਮੁੱਖ ਖੋਜ ਫੰਡਿੰਗ ਏਜੰਸੀਆਂ, ਆਸਟ੍ਰੇਲੀਅਨ ਰਿਸਰਚ ਕੌਂਸਲ ਅਤੇ ਨੈਸ਼ਨਲ ਹੈਲਥ ਐਂਡ ਮੈਡੀਕਲ ਰਿਸਰਚ ਕੌਂਸਲ ਤੋਂ ਮੌਜੂਦਾ ਗ੍ਰਾਂਟ ਸ਼ਰਤਾਂ 'ਤੇ ਅੱਗੇ ਬਣਾਇਆ ਜਾ ਸਕਦਾ ਹੈ।

ਹਾਲੀਆ ਵਿਧਾਨਿਕ ਤਬਦੀਲੀਆਂ, ਜਿਵੇਂ ਕਿ *ਕਾਰਜ ਸਥਾਨ ਲਿੰਗ ਸਮਾਨਤਾ ਸੋਧ (ਤਨਖ਼ਾਹ ਵਿੱਚ ਲਿੰਗ ਅਧਾਰਿਤ ਫ਼ਰਕ ਨੂੰ ਬੰਦ ਕਰਨਾ) ਬਿੱਲ 2023* ਅਤੇ *ਭੇਦਭਾਵ ਵਿਰੋਧੀ ਅਤੇ ਮਨੁੱਖੀ ਅਧਿਕਾਰ ਕਾਨੂੰਨ ਸੋਧ (Respect at Work) ਬਿੱਲ 2022*, ਕੰਮ ਵਾਲੀ ਥਾਂ ਦੀਆਂ ਚੁਣੌਤੀਆਂ ਨੂੰ ਹੱਲ ਕਰਨ ਲਈ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੇ ਹਨ। ਔਰਤਾਂ ਦੀ ਆਰਥਿਕ ਸਮਾਨਤਾ ਟਾਸਕਫੋਰਸ ਦੁਆਰਾ ਸਿਫ਼ਾਰਸ਼ ਕੀਤੀਆਂ ਗਈਆਂ ਹੋਰ ਵਿਧਾਨਿਕ ਤਬਦੀਲੀਆਂ ਵਿੱਚ ਰੁਜ਼ਗਾਰਦਾਤਾਵਾਂ 'ਤੇ ਕਾਨੂੰਨੀ ਡਿਊਟੀਆਂ ਨੂੰ ਲਾਗੂ ਕਰਨ ਲਈ ਭੇਦਭਾਵ ਵਿਰੋਧੀ ਅਤੇ ਉਦਯੋਗਿਕ ਕਾਨੂੰਨਾਂ ਨੂੰ ਇਕਸੁਰ ਕਰਨਾ ਸ਼ਾਮਲ ਹੈ।[28]

ਆਸਟ੍ਰੇਲੀਆਈ ਸਰਕਾਰ STEM ਕਾਮਿਆਂ ਦੀ ਇੱਕ ਮਿਸਾਲੀ ਰੁਜ਼ਗਾਰਦਾਤਾ ਬਣ ਕੇ ਸੱਭਿਆਚਾਰਕ ਅਤੇ ਸੰਸਥਾਤਮਕ ਤਬਦੀਲੀ ਦੀ ਉਦਾਹਰਨ ਬਣ ਸਕਦੀ ਹੈ। ਪਾਰਦਰਸ਼ਤਾ ਪਹਿਲਕਦਮੀਆਂ, ਜਿਵੇਂ ਆਸਟ੍ਰੇਲੀਅਨ ਪਬਲਿਕ ਸਰਵਿਸ (APS) ਜਨਗਣਨਾ ਦੇ ਨਤੀਜੇ ਪ੍ਰਕਾਸ਼ਿਤ ਕਰਨਾ, ਤੰਗ-ਪ੍ਰੇਸ਼ਾਨ ਕਰਨ, ਅਤੇ ਭੇਦਭਾਵ ਨੂੰ ਖ਼ਤਮ ਕਰਨ ਲਈ ਸਰਕਾਰ ਦੀ ਵਚਨਬੱਧਤਾ ਵਿੱਚ ਯੋਗਦਾਨ ਪਾਉਂਦੇ ਹਨ। ਸਲਾਹਕਾਰ ਕੌਂਸਲ ਸਰਕਾਰੀ ਏਜੰਸੀਆਂ ਵਿੱਚ ਪਹਿਲਕਦਮੀਆਂ ਦਾ ਤਾਲਮੇਲ ਕਰਨ ਲਈ, ਜਵਾਬਦੇਹੀ ਅਤੇ ਕਾਨੂੰਨ ਪਾਲਣਾ ਲਈ ਹੋਰ

---

[27] ਔਰਤਾਂ ਦੀ ਆਰਥਿਕ ਸਮਾਨਤਾ ਵਾਲੀ ਟਾਸਕਫੋਰਸ। (2023)। *ਆਸਟ੍ਰੇਲੀਆਈ ਆਰਥਿਕਤਾ ਵਿੱਚ ਔਰਤਾਂ ਦੀ ਪੂਰੀ ਸਮਰੱਥਾ ਅਤੇ ਯੋਗਦਾਨ ਨੂੰ ਖੁੱਲ੍ਹ ਦੇਣ ਲਈ ਇੱਕ 10-ਸਾਲਾ ਯੋਜਨਾ* I https://www.pmc.gov.au/resources/10-year-plan

[28] ਉਕਤ।

ਵਿਕਲਪਾਂ ਦੀ ਪੜਚੋਲ ਕਰਦੇ ਹੋਏ ਸਹੀ ਦਿਸ਼ਾ ਨੂੰ ਵਧਾਉਣ ਅਤੇ ਡੁਪਲੀਕੇਸ਼ਨ ਨੂੰ ਘਟਾਉਣ ਲਈ ਆਸਟ੍ਰੇਲੀਅਨ ਪਬਲਿਕ ਸਰਵਿਸ ਕਮਿਸ਼ਨ ਨਾਲ ਸਹਿਯੋਗ ਕਰ ਸਕਦੀ ਹੈ।

**ਆਸਟ੍ਰੇਲੀਆਈ ਸਰਕਾਰ ਨੂੰ ਲਾਜ਼ਮੀ ਤੌਰ 'ਤੇ STEM-ਯੋਗਤਾ ਪ੍ਰਾਪਤ ਅਤੇ STEM-ਹੁਨਰਮੰਦ ਪ੍ਰਵਾਸੀਆਂ ਦੇ ਕਾਰਜਬਲ ਵਿੱਚ ਦਾਖਲ ਹੋਣ ਦੀਆਂ ਰੁਕਾਵਟਾਂ ਨੂੰ ਘਟਾਉਣਾ ਚਾਹੀਦਾ ਹੈ।**

**ਸਿਫ਼ਾਰਸ਼ 6**

ਇਹ ਪੈਨਲ ਸਿਫ਼ਾਰਸ਼ ਕਰਦਾ ਹੈ ਕਿ ਆਸਟ੍ਰੇਲੀਆਈ ਸਰਕਾਰ *2023 ਦੀ ਪ੍ਰਵਾਸ ਪ੍ਰਣਾਲੀ ਦੀ ਸਮੀਖਿਆ*ਦੇ ਜਵਾਬ ਵਿੱਚ ਕਿਸੇ ਵੀ ਰਣਨੀਤੀ ਨੂੰ ਲਾਗੂ ਕਰਨ ਵਿੱਚ STEM 'ਤੇ ਧਿਆਨ ਕੇਂਦਰਿਤ ਕਰੇ, ਤਾਂ ਜੋ ਹੁਨਰਮੰਦ STEM ਪ੍ਰਵਾਸੀਆਂ ਨੂੰ ਆਸਟ੍ਰੇਲੀਆ ਵਿੱਚ ਆਪਣੇ ਹੁਨਰਾਂ ਅਤੇ ਯੋਗਤਾਵਾਂ ਨੂੰ ਮਾਨਤਾ ਪ੍ਰਾਪਤ ਹੋਣ ਅਤੇ ਉਨ੍ਹਾਂ ਦੀ ਕਦਰ ਕੀਤੇ ਜਾਣ ਵਿੱਚ ਦਰਪੇਸ਼ ਰੁਕਾਵਟਾਂ ਨੂੰ ਦੂਰ ਕੀਤਾ ਜਾ ਸਕੇ।

STEM ਕਾਮਿਆਂ ਨੂੰ ਰੁਜ਼ਗਾਰ ਦੇਣ ਵਾਲੀਆਂ ਸੰਸਥਾਵਾਂ ਨੂੰ ਭਰਤੀ ਪ੍ਰਕਿਰਿਆਵਾਂ ਵਿੱਚ ਸੁਚੇਤ ਅਤੇ ਅਚੇਤ ਭੇਦਭਾਵ ਨੂੰ ਠੀਕ ਕਰਨ ਲਈ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ ਜੋ STEM-ਹੁਨਰਮੰਦ ਪ੍ਰਵਾਸੀਆਂ ਦੇ ਰੁਜ਼ਗਾਰ ਨੂੰ ਰੋਕ ਸਕਦੇ ਹਨ। ਇਸ ਵਿੱਚ ਹੁਨਰ ਅਤੇ ਸੱਭਿਆਚਾਰਕ ਵਖਰੇਵੇਂ, ਵੀਜ਼ਾ ਅਤੇ ਕੰਮ ਦੇ ਅਧਿਕਾਰਾਂ, ਅਤੇ ਵਿਦੇਸ਼ੀ ਯੋਗਤਾਵਾਂ ਦੀ ਮਾਨਤਾ ਦੇ ਬਾਰੇ ਵਿੱਚ ਧਾਰਨਾਵਾਂ ਬਦਲਣੀਆਂ ਸ਼ਾਮਲ ਹਨ।

ਸੰਸਥਾਵਾਂ ਨੂੰ ਇਹ ਯਕੀਨੀ ਬਣਾਉਣ ਲਈ ਸਿਫ਼ਾਰਸ਼ਾਂ 3 ਅਤੇ 4 ਨੂੰ ਲਾਗੂ ਕਰਨਾ ਲਾਜ਼ਮੀ ਹੈ ਕਿ ਕੰਮ ਦੇ ਸਥਾਨ ਸੁਰੱਖਿਅਤ ਅਤੇ ਪ੍ਰਵਾਸੀ ਪੇਸ਼ੇਵਰਾਂ ਲਈ ਸ਼ਮੂਲੀਅਤ ਵਾਲੇ ਹਨ।

## *ਇਸ ਸਿਫ਼ਾਰਸ਼ ਲਈ ਮੁੱਖ ਨੁਕਤੇ*

ਇਸ ਸਿਫ਼ਾਰਸ਼ ਨੂੰ ਸਫ਼ਲਤਾਪੂਰਵਕ ਲਾਗੂ ਕਰਨ ਵਿੱਚ ਇਹਨਾਂ ਲਈ ਮੌਕੇ ਲੱਭਣੇ ਸ਼ਾਮਲ ਹਨ:

- ਵਿਦੇਸ਼ੀ STEM ਯੋਗਤਾਵਾਂ ਨੂੰ ਮਾਨਤਾ ਦੇਣ ਲਈ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਅਤੇ ਲਾਗਤਾਂ ਨੂੰ ਘਟਾਉਣ ਲਈ
- ਹੁਨਰਾਂ ਦੇ ਮੁਲਾਂਕਣ ਬਾਰੇ ਸਹਿਮਤ ਸਿਧਾਂਤਾਂ ਅਤੇ ਵਧੀਆ ਅਭਿਆਸ ਮਾਰਗਦਰਸ਼ਨ ਦਾ ਸਮਰਥਨ ਕਰਨ ਲਈ
- ਪੇਸ਼ੇਵਰ ਸੰਸਥਾਵਾਂ ਅਤੇ ਰਾਜ ਅਤੇ ਖੇਤਰੀ ਅਥਾਰਟੀਆਂ ਦੇ ਤਾਲਮੇਲ ਵਿੱਚ, ਸਾਰੇ ਆਸਟ੍ਰੇਲੀਆਈ ਰਾਜਾਂ ਅਤੇ ਪ੍ਰਦੇਸ਼ਾਂ ਵਿੱਚ ਹੁਨਰਾਂ ਅਤੇ ਯੋਗਤਾਵਾਂ ਦੀ ਆਪਸੀ ਮਾਨਤਾ ਨੂੰ ਸੁਚਾਰੂ ਬਣਾਉਣ ਲਈ
- ਦੇਸ਼ਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਤੋਂ ਕਿੱਤਾਮੁਖੀ ਲਾਇਸੈਂਸਾਂ ਦੀ ਅੰਤਰਰਾਸ਼ਟਰੀ ਆਪਸੀ ਮਾਨਤਾ ਨੂੰ ਅੱਗੇ ਵਧਾਉਣ ਲਈ
- ਆਸਟ੍ਰੇਲੀਆ ਵਿੱਚ ਕੋਰਸਾਂ, ਰੁਜ਼ਗਾਰ ਸਹਾਇਤਾ ਜਾਂ ਕੰਮ ਦੇ ਤਜਰਬੇ ਅਤੇ ਨੈੱਟਵਰਕਾਂ ਤੱਕ ਪਹੁੰਚ ਨੂੰ ਬਿਹਤਰ ਬਣਾਉਣ ਲਈ
- ਤਰਫ਼ਦਾਰੀ ਨੂੰ ਖ਼ਤਮ ਕਰਨ ਲਈ ਕਾਰਜ ਸਥਾਨਾਂ ਲਈ ਮਾਰਗਦਰਸ਼ਨ ਵਿੱਚ ਸੁਧਾਰ ਕਰਨਾ, ਅਤੇ ਪ੍ਰਵਾਸੀ ਪੇਸ਼ੇਵਰਾਂ ਦੀਆਂ ਯੋਗਤਾਵਾਂ ਅਤੇ ਮੁਹਾਰਤ ਦੀ ਬਿਹਤਰ ਕਦਰ ਕਰਨਾ
- ਖ਼ਾਸ STEM ਸੈਕਟਰਾਂ ਜਾਂ ਸੰਸਥਾਵਾਂ ਵਿੱਚ ਸਫ਼ਲ ਪਹੁੰਚਾਂ ਨੂੰ ਸਹੀ ਆਕਾਰ ਵਿੱਚ ਲਿਆਉਣਾ।

## *ਇਸਦੀ ਸਿਫ਼ਾਰਸ਼ ਕਿਉਂ ਕਰਦੇ ਹਾਂ*

ਵਿਦੇਸ਼ਾਂ ਵਿੱਚ ਪੈਦਾ ਹੋਏ ਯੂਨੀਵਰਸਿਟੀ ਯੋਗਤਾ ਵਾਲੇ STEM ਪੇਸ਼ੇਵਰ ਆਸਟ੍ਰੇਲੀਆ ਵਿੱਚ ਯੂਨੀਵਰਸਿਟੀ ਯੋਗਤਾ ਵਾਲੇ STEM ਪੇਸ਼ੇਵਰਾਂ ਵਿੱਚੋਂ 59% ਬਣਦੇ ਹਨ। ਇਹ ਉਸ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੰਦਾ ਹੈ ਜੋ ਪ੍ਰਵਾਸੀ ਕਾਮੇ STEM ਕਾਰਜਬਲ ਨੂੰ ਕਾਇਮ ਰੱਖਣ ਵਿੱਚ ਨਿਭਾਉਂਦੇ ਹਨ।[29] ਹਾਲਾਂਕਿ, ਹੁਨਰਮੰਦ ਪ੍ਰਵਾਸੀਆਂ ਨੂੰ ਆਸਟ੍ਰੇਲੀਆਈ ਕਾਰਜਬਲ ਵਿੱਚ ਦਾਖਲ ਹੋਣ ਵਿੱਚ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਅਕਸਰ ਉਹਨਾਂ ਦੇ ਹੁਨਰ ਦੇ ਪੱਧਰ, ਅਨੁਭਵ ਅਤੇ ਯੋਗਤਾਵਾਂ ਤੋਂ ਕਾਫ਼ੀ ਹੇਠਾਂ ਵਾਲੀਆਂ ਨੌਕਰੀਆਂ ਵਿੱਚ ਕੰਮ ਕਰਦੇ ਹਨ।[30] ਇਸ ਤੋਂ ਇਲਾਵਾ, ਆਸਟ੍ਰੇਲੀਆ ਵਿਚ ਬੁਨਿਆਦੀ ਜ਼ਰੂਰੀ ਸੇਵਾਵਾਂ ਵਿਚ ਕਾਮਿਆਂ ਦੀ ਘਾਟ ਹੈ। ਫਿਰ ਵੀ ਇੱਕ ਵਿਦੇਸ਼ੀ ਸਿਖਲਾਈ ਪ੍ਰਾਪਤ ਨਰਸ $20,000 ਤੱਕ ਦਾ ਭੁਗਤਾਨ ਕਰੇਗੀ ਅਤੇ ਆਪਣੀ ਯੋਗਤਾ ਲਈ ਮਾਨਤਾ ਪ੍ਰਾਪਤ ਕਰਨ ਅਤੇ ਵੀਜ਼ਾ ਪ੍ਰਾਪਤ ਕਰਨ ਲਈ 35 ਮਹੀਨਿਆਂ ਤੱਕ ਉਡੀਕ ਕਰੇਗੀ।[31] ਇੰਜਨੀਅਰਿੰਗ ਵਰਗੇ ਖੇਤਰਾਂ ਵਿੱਚ, 100,000 ਵਿਦੇਸ਼ੀ ਸਿਖਲਾਈ ਪ੍ਰਾਪਤ ਇੰਜੀਨੀਅਰ ਆਸਟ੍ਰੇਲੀਆ ਵਿੱਚ ਬੇਰੁਜ਼ਗਾਰ ਰਹਿ ਰਹੇ ਹਨ।[32]

*ਕੰਮਕਾਜੀ ਭਵਿੱਖ: ਨੌਕਰੀਆਂ ਅਤੇ ਮੌਕਿਆਂ 'ਤੇ ਆਸਟ੍ਰੇਲੀਆਈ ਸਰਕਾਰ ਦਾ ਵ੍ਹਾਈਟ ਪੇਪਰ* ਹੁਨਰਮੰਦ ਪ੍ਰਵਾਸ ਅਤੇ ਪ੍ਰਵਾਸੀਆਂ ਦੇ ਹੁਨਰ ਦੀ ਵਰਤੋਂ ਨੂੰ ਬਿਹਤਰ ਨਿਸ਼ਾਨਾ ਬਣਾਉਣ ਦੀ ਲੋੜ ਦੀ ਪਛਾਣ ਕਰਦਾ ਹੈ। ਇਹ ਵ੍ਹਾਈਟ ਪੇਪਰ ਨੋਟ ਕਰਦਾ ਹੈ ਕਿ ਪ੍ਰਵਾਸੀਆਂ ਦੀ ਇਹ ਸੰਭਾਵਨਾ ਹੈ:

- ਔਸਤ ਤੋਂ ਘੱਟ ਰੁਜ਼ਗਾਰ ਦਰਾਂ ਦੇ ਨਾਲ ਘੱਟ ਸੁਰੱਖਿਅਤ ਨੌਕਰੀਆਂ ਵਿੱਚ ਹੋਣਾ
- ਤਨਖ਼ਾਹ ਅਤੇ ਤਰੱਕੀ ਦੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ
- ਸ਼ੋਸ਼ਣ ਸਹਿਣ ਕਰਨਾ (ਲਗਭਗ 10% ਨੂੰ ਘੱਟ ਤਨਖ਼ਾਹ ਮਿਲਦੀ ਹੈ)
- ਭੇਦਭਾਵ ਅਤੇ ਨਸਲਵਾਦ ਦਾ ਅਨੁਭਵ ਕਰਨ ਦੀ
- ਖ਼ਾਸ ਤੌਰ 'ਤੇ ਮਹਿਲਾ ਪ੍ਰਵਾਸੀਆਂ ਅਤੇ ਨੌਜਵਾਨ ਪ੍ਰਵਾਸੀਆਂ ਅਤੇ ਸ਼ਰਨਾਰਥੀਆਂ ਲਈ ਉਹਨਾਂ ਦੀਆਂ ਯੋਗਤਾਵਾਂ ਨੂੰ ਮਾਨਤਾ ਪ੍ਰਾਪਤ ਕਰਨ ਵਿੱਚ ਮੁਸ਼ਕਲ ਆਉਂਦੀ ਹੈ।

STEM ਖੇਤਰਾਂ ਵਿੱਚ ਮਹੱਤਵਪੂਰਨ ਹੁਨਰ ਦੀ ਕਮੀ ਦੇ ਨਾਲ, ਵਿਦੇਸ਼ੀ-ਯੋਗਤਾ ਪ੍ਰਾਪਤ STEM ਕਰਮਚਾਰੀਆਂ ਨੂੰ ਦਰਪੇਸ਼ ਇਹਨਾਂ ਰੁਕਾਵਟਾਂ ਨੂੰ ਹੱਲ ਕਰਨ ਦੀ ਇੱਕ ਸਪੱਸ਼ਟ ਲੋੜ ਹੈ।

*ਪ੍ਰਵਾਸ ਪ੍ਰਣਾਲੀ ਦੀ ਸਮੀਖਿਆ ਦੀ ਰਿਪੋਰਟ* ਨੇ ਇਸ ਰਿਪੋਰਟ ਦੇ ਉਦੇਸ਼ਾਂ ਦਾ ਸਮਰਥਨ ਕਰਨ ਵਾਲੀਆਂ ਸਿਫ਼ਾਰਸ਼ਾਂ ਕੀਤੀਆਂ ਹਨ ਜਿਨ੍ਹਾਂ ਦਾ ਸਰਕਾਰ ਨੂੰ ਸਮਰਥਨ ਕਰਨਾ ਚਾਹੀਦਾ ਹੈ। ਇਹਨਾਂ ਵਿੱਚ ਸ਼ਾਮਲ ਹਨ:

- ਦੇਸ਼ਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਤੋਂ ਕਿੱਤਾਮੁਖੀ ਲਾਇਸੈਂਸਾਂ ਦੀ ਅੰਤਰਰਾਸ਼ਟਰੀ ਆਪਸੀ ਮਾਨਤਾ ਨੂੰ ਅੱਗੇ ਵਧਾਉਣਾ
- ਹੁਨਰਾਂ ਦੇ ਮੁਲਾਂਕਣਾਂ ਅਤੇ ਲਾਇਸੈਂਸ ਜਾਂ ਰਜਿਸਟ੍ਰੇਸ਼ਨ ਪ੍ਰਕਿਰਿਆਵਾਂ ਦੇ ਨਾਲ ਨਾਲ ਹੋਣ 'ਤੇ ਵੱਧ ਤੋਂ ਵੱਧ ਵਿਚਾਰ ਕਰਨਾ

ਇਹ ਸਮੀਖਿਆ ਇਹ ਵੀ ਸਿਫ਼ਾਰਸ਼ ਕਰਦੀ ਹੈ ਕਿ ਆਸਟ੍ਰੇਲੀਅਨ ਸਰਕਾਰ ਆਰਥਿਕਤਾ ਲਈ ਸਭ ਤੋਂ ਵੱਧ ਲਾਭ ਵਾਲੇ ਕਿੱਤਿਆਂ ਲਈ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਣ ਲਈ ਰਾਜਾਂ ਅਤੇ ਪ੍ਰਦੇਸ਼ਾਂ ਨਾਲ ਕੰਮ ਕਰੇ।

ਜੇਕਰ ਹੁਨਰਮੰਦ ਪ੍ਰਵਾਸੀਆਂ ਦੀਆਂ ਵਿਦੇਸ਼ੀ ਯੋਗਤਾਵਾਂ ਨੂੰ ਮਾਨਤਾ ਨਹੀਂ ਦਿੱਤੀ ਜਾਂਦੀ ਹੈ, ਤਾਂ ਸਲਾਹਕਾਰ ਕੌਂਸਲ ਨੂੰ STEM ਕਰਮਚਾਰੀਆਂ ਵਿੱਚ ਵਿਕਲਪਕ ਮਾਰਗਾਂ ਨੂੰ ਵਧਾਉਣ ਅਤੇ ਉਤਸ਼ਾਹਿਤ ਕਰਨ ਦੇ ਤਰੀਕਿਆਂ 'ਤੇ ਵਿਚਾਰ ਕਰਨਾ ਚਾਹੀਦਾ ਹੈ। ਇਹਨਾਂ ਵਿੱਚ STEM ਖੇਤਰਾਂ ਵਿੱਚ ਬ੍ਰਿਜਿੰਗ ਕੋਰਸ, ਮਾਈਕ੍ਰੋ-ਕ੍ਰੈਡੈਂਸ਼ੀਅਲ ਅਤੇ ਹੁਨਰਾਂ ਨੂੰ ਵਧਾਉਣ ਦੇ ਮੌਕੇ ਸ਼ਾਮਲ ਹੋਣੇ ਚਾਹੀਦੇ ਹਨ।

[29] ਆਸਟ੍ਰੇਲੀਅਨ ਬਿਊਰੋ ਆਫ਼ ਸਟੈਟਿਸਟਿਕਸ। (2021)। *https://www.abs.gov.au/statistics/microdata-tablebuilder/tablebuilder*ਟੇਬਲ ਬਿਲਡਰ। ਆਸਟ੍ਰੇਲੀਆਈ ਸਰਕਾਰ। https://www.abs.gov.au/statistics/microdata-tablebuilder/tablebuilder

[30] ਉੱਚ ਸਿੱਖਿਆ ਯੋਗਤਾਵਾਂ, ਪੋਸਟ-ਸੈਕੰਡਰੀ ਤਕਨੀਕੀ ਅਤੇ/ਜਾਂ ਆਮ ਵੋਕੇਸ਼ਨਲ ਵਿਦੇਸ਼ੀ ਯੋਗਤਾਵਾਂ ਵਾਲੇ ਪ੍ਰਵਾਸੀ।

[31] ਗ੍ਰਹਿ ਮਾਮਲਿਆਂ ਦਾ ਵਿਭਾਗ (ਅਪ੍ਰੈਲ 2023)। *ਵਧੇਰੇ ਖੁਸ਼ਹਾਲ ਅਤੇ ਸੁਰੱਖਿਅਤ ਆਸਟ੍ਰੇਲੀਆ ਲਈ ਪ੍ਰਵਾਸ ਪ੍ਰਣਾਲੀ: ਸਰਕਾਰ ਦੀ ਪ੍ਰਵਾਸ ਰਣਨੀਤੀ ਦੀ ਰੂਪਰੇਖਾ।* ਆਸਟ੍ਰੇਲੀਆਈ ਸਰਕਾਰ । https://immi.homeaffairs.gov.au/programs-subsite/files/migration-strategy-outline.pdf

[32] ਇੰਜੀਨੀਅਰਜ਼ ਆਸਟ੍ਰੇਲੀਆ। (14 ਜੁਲਾਈ 2023)। *ਹਜ਼ਾਰਾਂ ਯੋਗਤਾ ਪ੍ਰਾਪਤ, ਹੁਨਰਮੰਦ ਪ੍ਰਵਾਸੀ ਇੰਜੀਨੀਅਰ ਇੰਜੀਨੀਅਰਿੰਗ ਦੇ ਕੰਮ ਤੋਂ ਵਾਂਝੇ ਹਨ।* https://www.engineersaustralia.org.au/news-and-media/2023/07/tens-thousands-qualified-skilled-migrant-engineers-missing-out-engineering

ਪ੍ਰਵਾਸੀ ਹੁਨਰ ਅਤੇ ਯੋਗਤਾ ਦੀ ਮਾਨਤਾ ਨੂੰ ਇੱਕ ਮੁੱਦੇ ਵਜੋਂ ਰਿਪੋਰਟ ਕਰਦੇ ਹਨ, ਹਾਲਾਂਕਿ ਇਹ ਕਿਰਤ ਮਾਰਕੀਟ ਵਿੱਚ ਸਫ਼ਲਤਾ ਲਈ ਹੋਰ ਪਛਾਣੀਆਂ ਗਈਆਂ ਰੁਕਾਵਟਾਂ ਜਿੰਨ੍ਹੀ ਮਹੱਤਵਪੂਰਨ ਨਹੀਂ ਹੈ। ਇਹਨਾਂ ਵਿੱਚ ਹੁਨਰ ਅਤੇ ਯੋਗਤਾ ਮਾਨਤਾ ਦੀ ਲਾਗਤ ਸ਼ਾਮਲ ਹੈ, ਜੋ ਕਿ ਕੁੱਲ ਮਿਲਾ ਕੇ $1600 ਤੋਂ ਵੱਧ ਹੋ ਸਕਦੀ ਹੈ, ਆਸਟ੍ਰੇਲੀਆਈ ਕੰਮ ਦੇ ਤਜ਼ਰਬੇ ਦੀ ਘਾਟ ਅਤੇ ਸਥਾਨਕ ਰੈਫ਼ਰੈਂਸ, ਅਤੇ ਸੁਚੇਤ ਅਤੇ ਅਚੇਤ ਭੇਦਭਾਵ ਸ਼ਾਮਲ ਹਨ।[33] ਮੁਲਾਂਕਣ ਅਥਾਰਟੀਆਂ ਫ਼ੀਸਾਂ ਦੀ ਲਾਗਤ ਨੂੰ ਘਟਾ ਸਕਦੀਆਂ ਹਨ, ਖ਼ਾਸ ਤੌਰ 'ਤੇ STEM ਪ੍ਰਵਾਸੀਆਂ ਲਈ, ਜਾਂ ਉਹ ਖ਼ਰਚਿਆਂ ਲਈ ਸਬਸਿਡੀ ਦੇਣ ਅਤੇ ਇੱਕ ਵਾਰ ਨੌਕਰੀ ਲੱਗਣ ਆਉਣ ਤੋਂ ਬਾਅਦ ਫ਼ੀਸਾਂ ਦਾ ਭੁਗਤਾਨ ਕਰਨ ਲਈ ਪ੍ਰਵਾਸੀਆਂ ਲਈ ਭੁਗਤਾਨ ਯੋਜਨਾ ਵਿਕਸਿਤ ਕਰਨ ਬਾਰੇ ਵਿਚਾਰ ਕਰ ਸਕਦੇ ਹਨ।

ਸਲਾਹਕਾਰ ਕੌਂਸਲ ਨੂੰ ਪ੍ਰਵਾਸ ਸਹਾਇਤਾ ਸੰਸਥਾਵਾਂ, ਅਤੇ ਰਾਜ ਅਤੇ ਸੰਘੀ ਸਰਕਾਰਾਂ ਦੇ ਸਹਿਯੋਗ ਨਾਲ ਪੇਸ਼ੇਵਰ STEM ਹੁਨਰਮੰਦ ਪ੍ਰਵਾਸੀਆਂ ਲਈ ਨੈੱਟਵਰਕ ਅਤੇ ਸੰਪਰਕਾਂ ਬਾਰੇ ਜਾਣਕਾਰੀ ਵਿਕਸਿਤ ਕਰਨੀ ਚਾਹੀਦੀ ਹੈ, ਤਾਂ ਜੋ ਇਮੀਗ੍ਰੇਸ਼ਨ ਪ੍ਰਕਿਰਿਆਵਾਂ, ਨੌਕਰੀਆਂ ਲੱਭਣ ਅਤੇ ਆਸਟ੍ਰੇਲੀਆ ਦੇ ਸਮਾਜ ਵਿੱਚ ਢਲਣ ਵਿੱਚ ਮੱਦਦ ਕੀਤੀ ਜਾ ਸਕੇ।

ਆਸਟ੍ਰੇਲੀਆ ਵਿੱਚ ਬਹੁਤ ਸਾਰੇ ਰੁਜ਼ਗਾਰਦਾਤਾ ਇਹ ਮੰਨਦੇ ਹੋਏ ਗ਼ੈਰ-ਆਸਟ੍ਰੇਲੀਆਈ ਕਾਮਿਆਂ ਨੂੰ ਨੌਕਰੀ 'ਤੇ ਰੱਖਣ ਪ੍ਰਤੀ ਅਚੇਤ ਭੇਦਭਾਵ ਰੱਖਦੇ ਹਨ ਕਿ:

- ਉਹਨਾਂ ਦੀ ਭਾਸ਼ਾ ਦੇ ਹੁਨਰ ਨਾਕਾਫ਼ੀ ਹੋਣਗੇ
- ਸਥਾਨਕ ਤਜ਼ਰਬੇ, ਯੋਗਤਾਵਾਂ, ਰੈਫ਼ਰੈਂਸ ਅਤੇ ਨੈੱਟਵਰਕਾਂ ਦੀ ਘਾਟ ਉਹਨਾਂ ਨੂੰ ਆਸਟ੍ਰੇਲੀਆਈ ਕਾਰਜਬਲ ਵਿੱਚ ਕਾਮਯਾਬ ਹੋਣ ਤੋਂ ਰੋਕ ਦੇਵੇਗੀ।

ਸਰਕਾਰਾਂ, ਰੁਜ਼ਗਾਰਦਾਤਾਵਾਂ ਅਤੇ ਮਾਨਤਾ ਪ੍ਰਾਪਤ ਸੰਸਥਾਵਾਂ ਨੂੰ ਹੁਨਰਮੰਦ ਪ੍ਰਵਾਸੀਆਂ ਦੇ ਭਾਸ਼ਾ ਮੁਲਾਂਕਣ ਨਾਲ ਸੰਬੰਧਿਤ ਨੀਤੀਆਂ ਅਤੇ ਪ੍ਰੋਗਰਾਮਾਂ ਦੀ ਸਮੀਖਿਆ ਕਰਨ 'ਤੇ ਵਿਚਾਰ ਕਰਨਾ ਚਾਹੀਦਾ ਹੈ ਅਤੇ ਗ਼ੈਰ-ਅੰਗਰੇਜ਼ੀ ਸਿੱਖਣ ਵਾਲੇ ਮਾਹੌਲ ਨੂੰ ਬਿਹਤਰ ਢੰਗ ਨਾਲ ਸਮਝਣ ਲਈ ਕੰਮ ਕਰਨਾ ਚਾਹੀਦਾ ਹੈ।




*ਫ਼ੋਟੋ ਲਈ ਧੰਨਵਾਦ: STEM ਟੀਚਰ ਇਨਰਿੱਚਮੈਂਟ ਅਕੈਡਮੀ (ਯੂਨੀਵਰਸਿਟੀ ਆਫ਼ ਸਿਡਨੀ)।*

[33] ਗ੍ਰਹਿ ਮਾਮਲਿਆਂ ਦਾ ਵਿਭਾਗ। (2023)। *ਪ੍ਰਵਾਸ ਪ੍ਰਣਾਲੀ ਦੀ ਸਮੀਖਿਆ ਦੀ ਅੰਤਿਮ ਰਿਪੋਰਟ।* ਆਸਟ੍ਰੇਲੀਆਈ ਸਰਕਾਰ। https://www.homeaffairs.gov.au/reports-and-pubs/files/review-migration-system-final-report.pdf

3

# ਜੀਵਨ ਭਰ ਸਿੱਖਣਾ

**ਆਸਟ੍ਰੇਲੀਆਈ ਸਰਕਾਰ ਅਤੇ ਸਿੱਖਿਆ ਪ੍ਰਦਾਤਾਵਾਂ ਨੂੰ ਲਾਜ਼ਮੀ ਤੌਰ 'ਤੇ ਰੁਕਾਵਟਾਂ ਨੂੰ ਦੂਰ ਕਰਨਾ ਚਾਹੀਦਾ ਹੈ ਅਤੇ ਵਿਭਿੰਨਤਾ ਵਾਲੇ ਲੋਕਾਂ ਲਈ STEM ਸਿੱਖਣ ਵਿੱਚ ਵਧਣ-ਫੁੱਲਣ ਲਈ ਪਹੁੰਚਯੋਗ ਰਸਤੇ ਬਣਾਉਣੇ ਚਾਹੀਦੇ ਹਨ।**

**ਸਿਫ਼ਾਰਸ਼ 7**

ਇਹ ਪੈਨਲ ਸਿਫ਼ਾਰਸ਼ ਕਰਦਾ ਹੈ ਕਿ ਆਸਟ੍ਰੇਲੀਆਈ ਸਰਕਾਰ, ਸਿੱਖਿਆ ਵਿਭਾਗ ਅਤੇ ਰੁਜ਼ਗਾਰ ਅਤੇ ਕਾਰਜ ਸਥਾਨ ਸੰਬੰਧਾਂ ਦੇ ਵਿਭਾਗ ਦੁਆਰਾ, ਸਕੂਲਾਂ ਵਿੱਚ STEM ਹੁਨਰਾਂ ਅਤੇ ਵਿਸ਼ਿਆਂ ਵਿੱਚ ਭਾਗੀਦਾਰੀ ਅਤੇ ਪ੍ਰਾਪਤੀ ਨੂੰ ਬਿਹਤਰ ਬਣਾਉਣ ਲਈ ਰਾਜ ਅਤੇ ਪ੍ਰਦੇਸ਼ ਸਰਕਾਰਾਂ ਨਾਲ ਮਿਲ ਕੇ ਕੰਮ ਕਰਨ ਲਈ ਇਹਨਾਂ ਦੁਆਰਾ ਆਪਣੀ ਸੰਯੋਜਕ ਸ਼ਕਤੀ ਦੀ ਵਰਤੋਂ ਕਰੇ:

- ਅਗਲੇ ਰਾਸ਼ਟਰੀ ਸਕੂਲ ਸੁਧਾਰ ਸਮਝੌਤੇ ਬਾਰੇ ਗੱਲਬਾਤ ਕਰਨ ਅਤੇ ਲਾਗੂ ਕਰਨ ਦੁਆਰਾ
- ਨੈਸ਼ਨਲ ਟੀਚਰ ਵਰਕਫੋਰਸ ਐਕਸ਼ਨ ਪਲਾਨ ਨੂੰ ਲਾਗੂ ਕਰਕੇ ਅਤੇ STEM ਅਧਿਆਪਨ ਕਾਰਜਬਲ ਨੂੰ ਵਧਾਉਣ ਲਈ ਹੋਰ ਮੌਕਿਆਂ ਦੀ ਖੋਜ ਕਰਕੇ
- ਭਵਿੱਖ ਦੀਆਂ ਸਮੀਖਿਆਵਾਂ ਰਾਹੀਂ ਆਸਟ੍ਰੇਲੀਅਨ ਪਾਠਕ੍ਰਮ ਵਿੱਚ ਸੁਧਾਰ ਕਰਕੇ।

## *ਇਸ ਸਿਫ਼ਾਰਸ਼ ਲਈ ਮੁੱਖ ਨੁਕਤੇ*

ਇਹਨਾਂ ਧਿਰਾਂ ਦਾ ਉਦੇਸ਼ ਹੋਣਾ ਚਾਹੀਦਾ ਹੈ:

- STEM ਵਿਸ਼ਿਆਂ ਵਿੱਚ ਵਿਦਿਆਰਥੀਆਂ ਦੀ ਭਾਗੀਦਾਰੀ ਅਤੇ ਪ੍ਰਾਪਤੀ ਦਾ ਰਾਸ਼ਟਰੀ ਮਾਪ ਅਤੇ ਰਿਪੋਰਟ ਕਰਨ ਵਿੱਚ ਸੁਧਾਰ ਕਰਨਾ
- STEM ਸਿਖਲਾਈ ਪ੍ਰਾਪਤ ਅਧਿਆਪਕਾਂ ਦੀ ਸੰਖਿਆ ਅਤੇ ਵਿਭਿੰਨਤਾ ਨੂੰ ਵਧਾਉਣਾ
- ਹੈਂਡ-ਆਨ STEM ਸਿੱਖਿਆ ਨੂੰ ਸਮਰਥਨ ਦੇਣ ਲਈ ਹਾਈ-ਸਕੂਲ ਅਤੇ ਉਦਯੋਗਿਕ-ਸਕੂਲ ਭਾਈਵਾਲੀ ਵਿੱਚ STEM VET ਦਾ ਸਮਰਥਨ ਕਰਨ ਲਈ ਰਾਸ਼ਟਰੀ ਪੱਧਰ 'ਤੇ ਇਕਸਾਰ ਪਹੁੰਚ ਵਿੱਚ ਸੁਧਾਰ ਕਰਨਾ।

**ਸਿਫ਼ਾਰਸ਼ 8**

ਇਹ ਪੈਨਲ ਸਿਫ਼ਾਰਸ਼ ਕਰਦਾ ਹੈ ਕਿ ਆਸਟ੍ਰੇਲੀਆਈ ਸਰਕਾਰ, ਸਿੱਖਿਆ ਵਿਭਾਗ ਰਾਹੀਂ, STEM ਪੜ੍ਹਾਉਣ ਲਈ ਸਿੱਖਿਅਕਾਂ ਨੂੰ ਤਿਆਰ ਕਰਨ ਅਤੇ ਸਮਰਥਨ ਦੇਣ ਲਈ ਰਾਸ਼ਟਰੀ ਸਿੱਖਿਆ ਏਜੰਸੀਆਂ ਨਾਲ ਕੰਮ ਕਰੇ ਜੋ ਇਹਨਾਂ ਦੁਆਰਾ ਵੱਖ-ਵੱਖ ਵਿਭਿੰਨਤਾ ਵਾਲੇ ਸਮੂਹਾਂ ਦੀਆਂ ਲੋੜਾਂ ਪ੍ਰਤੀ ਜਵਾਬਦੇਹ ਹੋਵੇ:

- ਆਸਟ੍ਰੇਲੀਅਨ ਇੰਸਟੀਚਿਊਟ ਫਾਰ ਟੀਚਿੰਗ ਐਂਡ ਸਕੂਲ ਲੀਡਰਸ਼ਿਪ ਦੇ ਕੰਮ ਰਾਹੀਂ ਸ਼ੁਰੂਆਤੀ ਅਧਿਆਪਕ ਸਿੱਖਿਆ ਪ੍ਰੋਗਰਾਮਾਂ ਦੀ ਗੁਣਵੱਤਾ ਅਤੇ ਇਕਸਾਰਤਾ ਨੂੰ ਬਿਹਤਰ ਬਣਾਉਣ ਲਈ, ਅਤੇ STEM ਪੜ੍ਹਾਉਣ ਲਈ ਫੀਲਡ ਤੋਂ ਬਾਹਰ ਦੇ ਅਧਿਆਪਕਾਂ ਨੂੰ ਸਮਰਥਨ ਕਰਨ ਲਈ ਨਵੇਂ ਅਧਿਆਪਕ ਮਾਰਗਦਰਸ਼ਨ ਮਿਆਰਾਂ ਨੂੰ ਵਿਕਸਤ ਕਰਨ ਲਈ।
- ਪਾਠਕ੍ਰਮ ਸਹਾਇਤਾ ਸਰੋਤਾਂ ਨੂੰ ਵਧਾਉਣ ਲਈ ਆਸਟ੍ਰੇਲੀਆਈ ਪਾਠਕ੍ਰਮ, ਮੁਲਾਂਕਣ ਅਤੇ ਰਿਪੋਰਟਿੰਗ ਅਥਾਰਟੀ ਦੇ ਕੰਮ ਰਾਹੀਂ
- ਜਵਾਬਦੇਹ STEM ਅਧਿਆਪਨ ਅਭਿਆਸਾਂ ਵਿੱਚ ਪੇਸ਼ੇਵਰ ਵਿਕਾਸ ਤੱਕ ਪਹੁੰਚ ਵਿੱਚ ਸੁਧਾਰ ਰਾਹੀਂ।

ਉਦਯੋਗਾਂ ਅਤੇ ਸਿੱਖਿਆ ਖੇਤਰ ਨੂੰ ਵੀ ਹੁਣੇ ਹੀ ਇਸ ਗੱਲ 'ਤੇ ਵਿਚਾਰ ਕਰਨ ਲਈ ਕਾਰਵਾਈ ਕਰਨੀ ਚਾਹੀਦੀ ਹੈ ਕਿ ਸਕੂਲਾਂ ਵਿੱਚ STEM ਆਊਟਰੀਚ ਪ੍ਰੋਗਰਾਮਾਂ ਨੂੰ ਕਿਵੇਂ ਵਿਵਸਥਿਤ ਕੀਤਾ ਜਾਵੇ ਤਾਂ ਜੋ ਵਿਭਿੰਨਤਾ ਵਾਲੇ ਵਿਦਿਆਰਥੀਆਂ ਨਾਲ ਬਿਹਤਰ ਢੰਗ ਨਾਲ ਜੋੜਿਆ ਅਤੇ ਪ੍ਰੇਰਿਤ ਕੀਤਾ ਜਾ ਸਕੇ।

## *ਇਸ ਸਿਫ਼ਾਰਸ਼ ਲਈ ਮੁੱਖ ਨੁਕਤੇ*

STEM ਅਧਿਆਪਨ ਸਰੋਤਾਂ ਅਤੇ ਅਧਿਆਪਕ ਸਿੱਖਿਆ ਵਿੱਚ ਇਹਨਾਂ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ:

- ਭਰੋਸੇਮੰਦ ਸਰੋਤਾਂ 'ਤੇ ਜੋ STEM ਪਾਠਕ੍ਰਮ ਵਿੱਚ ਫਸਟ ਨੇਸ਼ਨਜ਼ ਦੇ ਲੋਕਾਂ ਦੇ ਗਿਆਨ ਨੂੰ ਸ਼ਾਮਲ ਕਰਨ ਲਈ ਸਿੱਖਿਅਕਾਂ ਅਤੇ ਸਕੂਲਾਂ ਦਾ ਸਮਰਥਨ ਕਰਦੇ ਹਨ
- ਅਪਾਹਜਤਾ ਵਾਲੇ ਵਿਦਿਆਰਥੀਆਂ ਨੂੰ ਪੜ੍ਹਾਉਣ ਦੇ ਤਰੀਕਿਆਂ 'ਤੇ
- ਸਰੋਤਾਂ 'ਤੇ ਜਿਸ ਵਿੱਚ ਵਿਭਿੰਨਤਾ ਵਾਲੀ ਨੁਮਾਇੰਦਗੀ ਸ਼ਾਮਲ ਹੁੰਦੀ ਹੈ
- ਸਰੋਤਾਂ 'ਤੇ ਜੋ ਕਿ STEM ਕੈਰੀਅਰ ਦੇ ਮੌਕਿਆਂ ਅਤੇ ਵਿਭਿੰਨਤਾ ਮਾਰਗਾਂ ਦੀਆਂ ਕਿਸਮਾਂ ਨੂੰ ਉਜਾਗਰ ਕਰਦੇ ਹਨ, ਜਿਸ ਵਿੱਚ ਕਿੱਤਾਮੁਖੀ ਸਿੱਖਿਆ ਅਤੇ ਸਿਖਲਾਈ ਸ਼ਾਮਲ ਹੈ।

ਕਿਸੇ ਵੀ ਨਵੇਂ ਜਾਂ ਸੋਧੇ ਗਏ ਸਰੋਤਾਂ ਨੂੰ ਵਿਭਿੰਨਤਾ ਸਮੂਹਾਂ ਦੇ ਨੁਮਾਇੰਦਿਆਂ ਨਾਲ ਸਾਂਝੇਦਾਰੀ ਵਿੱਚ ਤਿਆਰ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ, ਸੰਬੰਧਿਤ ਅਤੇ ਪਹੁੰਚਯੋਗ ਹਨ।

## *ਅਸੀਂ ਇਸਦੀ ਸਿਫ਼ਾਰਸ਼ ਕਿਉਂ ਕਰਦੇ ਹਾਂ*

ਅਧਿਆਪਕ ਅਤੇ ਸਕੂਲ STEM ਹੁਨਰਾਂ ਵਿੱਚ ਨੌਜਵਾਨਾਂ ਦੇ ਵਿਸ਼ਵਾਸ ਨੂੰ ਬਣਾਉਣ ਅਤੇ STEM ਵਿੱਚ ਕੈਰੀਅਰ ਦੇ ਮਾਰਗਾਂ ਦੀ ਉਹਨਾਂ ਦੀ ਸਮਝ ਨੂੰ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਇੱਕ ਵੱਡਾ, ਬਿਹਤਰ ਯੋਗਤਾ ਪ੍ਰਾਪਤ ਅਧਿਆਪਨ ਕਾਰਜਬਲ ਅਤੇ ਅਧਿਆਪਕਾਂ ਲਈ ਬਿਹਤਰ ਸਮਰਥਨ STEM ਸਿੱਖਿਆ ਦੇ ਨਤੀਜਿਆਂ ਵਿੱਚ ਸੁਧਾਰ ਕਰੇਗਾ।

ਵਿਦਿਆਰਥੀਆਂ ਦੇ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਆਸਟ੍ਰੇਲੀਆਈ ਸਰਕਾਰਾਂ ਵਿੱਚ ਚੱਲ ਰਿਹਾ ਕੰਮ STEM ਸਿੱਖਿਆ ਵਿੱਚ ਘੱਟ-ਨੁਮਾਇੰਦਗੀ ਵਾਲੇ ਸਮੂਹਾਂ ਦੀ ਮੱਦਦ ਕਰਨ ਅਤੇ STEM ਕੈਰੀਅਰ ਮਾਰਗਾਂ ਦੇ ਸੰਪਰਕ ਵਿੱਚ ਵਾਧਾ ਕਰਨ ਵਿੱਚ ਮੱਦਦ ਕਰਨ ਦਾ ਇੱਕ ਮੌਕਾ ਪੇਸ਼ ਕਰਦਾ ਹੈ। ਇਸ ਵਿੱਚ ਇੱਕ ਨਵੇਂ ਰਾਸ਼ਟਰੀ ਸਕੂਲ ਸੁਧਾਰ ਸਮਝੌਤੇ ਦੀ ਗੱਲਬਾਤ, ਆਸਟ੍ਰੇਲੀਆਈ ਸਰਕਾਰ, ਰਾਜਾਂ ਅਤੇ ਪ੍ਰਦੇਸ਼ਾਂ ਵਿਚਕਾਰ ਇੱਕ ਸਾਂਝਾ ਸਮਝੌਤਾ ਸ਼ਾਮਲ ਹੈ ਜਿਸਦਾ ਉਦੇਸ਼ ਆਸਟ੍ਰੇਲੀਆਈ ਸਕੂਲਾਂ ਦੇ ਨਤੀਜਿਆਂ ਨੂੰ ਉੱਚਾ ਚੁੱਕਣਾ ਹੈ। ਇਹ ਵਿਭਿੰਨਤਾ ਵਾਲੇ ਵਿਦਿਆਰਥੀਆਂ ਸਮੇਤ, STEM ਯੋਗਤਾਵਾਂ ਪ੍ਰਤੀ ਵਿਦਿਆਰਥੀ ਦੀ ਪ੍ਰਾਪਤੀ ਨੂੰ ਮਾਪਣ ਅਤੇ ਚਲਾਉਣ ਦੇ ਤਰੀਕੇ ਨੂੰ ਸੁਧਾਰਨ ਦਾ ਇੱਕ ਮੌਕਾ ਪੇਸ਼ ਕਰਦਾ ਹੈ।

ਸਾਰੇ ਵਿਦਿਆਰਥੀਆਂ ਲਈ STEM ਸਿੱਖਿਆ ਵਿੱਚ ਸੁਧਾਰ ਕਰਨ ਲਈ ਹੋਰ STEM-ਯੋਗਤਾ ਪ੍ਰਾਪਤ ਅਧਿਆਪਕਾਂ ਦੀ ਲੋੜ ਹੋਵੇਗੀ। ਆਸਟ੍ਰੇਲੀਆਈ ਸਰਕਾਰਾਂ ਨੈਸ਼ਨਲ ਟੀਚਰ ਵਰਕਫੋਰਸ ਐਕਸ਼ਨ ਪਲਾਨ ਨੂੰ ਲਾਗੂ ਕਰਕੇ ਰਾਸ਼ਟਰੀ ਅਧਿਆਪਕ ਕਾਰਜਬਲ ਦੀ ਘਾਟ ਨੂੰ ਹੱਲ ਕਰਨ ਦੇ ਤਰੀਕਿਆਂ 'ਤੇ ਕੰਮ ਕਰ ਰਹੀਆਂ ਹਨ।[34] ਇਹ ਵਧੇਰੇ ਵਿਭਿੰਨਤਾ ਵਾਲੇ STEM ਅਧਿਆਪਕਾਂ ਨੂੰ ਆਕਰਸ਼ਿਤ ਕਰਨ ਦਾ ਇੱਕ ਮੌਕਾ ਹੈ, ਜੋ ਵਿਦਿਆਰਥੀਆਂ ਲਈ ਰੋਲ ਮਾਡਲ ਹੋ ਸਕਦੇ ਹਨ। ਇਹ ਉਹਨਾਂ ਅਧਿਆਪਕਾਂ ਲਈ ਵੀ ਬਿਹਤਰ ਸਹਾਇਤਾ ਪ੍ਰਦਾਨ ਕਰ ਸਕਦਾ ਹੈ ਜੋ STEM ਪੜ੍ਹਾਉਣ ਲਈ ਰਸਮੀ ਤੌਰ 'ਤੇ ਯੋਗਤਾ ਪ੍ਰਾਪਤ ਨਹੀਂ ਹਨ।

ਇਸ ਸਮੀਖਿਆ ਦੀਆਂ ਵਰਕਸ਼ਾਪਾਂ ਅਤੇ ਇੰਟਰਵਿਊਆਂ ਵਿੱਚ ਭਾਗ ਲੈਣ ਵਾਲਿਆਂ ਨੇ ਇਸ ਭੂਮਿਕਾ ਵਿੱਚ ਸਿੱਖਿਅਕਾਂ ਦਾ ਸਮਰਥਨ ਕਰਨ ਅਤੇ ਉਹਨਾਂ ਉੱਤੇ ਵਾਧੂ ਬੋਝ ਪਾਉਣ ਤੋਂ ਬਚਣ ਦੇ ਮਹੱਤਵ ਉੱਤੇ ਜ਼ੋਰ ਦਿੱਤਾ।

STEM ਨੂੰ ਜਿਸ ਤਰੀਕੇ ਨਾਲ ਸਿਖਾਇਆ ਜਾਂਦਾ ਹੈ, ਉਹ ਨੌਜਵਾਨਾਂ ਨੂੰ STEM ਹੁਨਰਾਂ ਅਤੇ ਭਵਿੱਖ ਦੀਆਂ ਸਿੱਖਿਆ ਅਤੇ ਕੈਰੀਅਰ ਦੇ ਮੌਕਿਆਂ ਦੀ ਕਦਰ ਨਾਲ ਜੋੜ ਸਕਦਾ ਹੈ। STEM ਵਿਸ਼ਿਆਂ ਪ੍ਰਤੀ ਸਕਾਰਾਤਮਕ ਅਨੁਭਵ ਅਤੇ ਰਵੱਈਏ ਦੇ ਨਤੀਜੇ ਵਜੋਂ ਬਿਹਤਰ ਰੁਝੇਵੇਂ ਅਤੇ ਸਿੱਖਣ ਦੇ ਨਤੀਜੇ ਮਿਲ ਸਕਦੇ ਹਨ।

ਹਾਲੀਆ ਰਿਪੋਰਟਾਂ ਨੇ ਕੰਮ ਕਰਨ ਦੇ ਰਸਤੇ ਬਣਾਉਣ ਲਈ ਸਕੂਲਾਂ ਵਿੱਚ VET ਪੜ੍ਹਾਉਣ ਦੀ ਅਹਿਮੀਅਤ ਨੂੰ ਸਵੀਕਾਰਿਆ ਹੈ। ਹਾਲਾਂਕਿ, ਇਹ ਕੋਰਸ ਗੁਣਵੱਤਾ ਵਿੱਚ ਫ਼ਰਕ ਵਾਲੇ ਹੋ ਸਕਦੇ ਹਨ, ਨੈਵੀਗੇਟ ਕਰਨਾ ਮੁਸ਼ਕਲ ਹੋ ਸਕਦਾ ਹੈ ਅਤੇ ਸੀਨੀਅਰ ਸੈਕੰਡਰੀ ਪੜ੍ਹਾਈ ਨਾਲ ਚੰਗੀ ਤਰ੍ਹਾਂ ਏਕੀਕ੍ਰਿਤ ਨਹੀਂ ਹੋ ਸਕਦੇ ਹਨ।[35] ਸਕੂਲਾਂ ਵਿੱਚ VET ਦੀ ਰਾਸ਼ਟਰੀ ਰਣਨੀਤੀ ਵਿਕਾਸ ਅਧੀਨ ਹੈ ਜੋ ਸਕੂਲਾਂ ਵਿੱਚ VET ਨੂੰ ਉੱਚ-ਗੁਣਵੱਤਾ ਅਤੇ ਜਵਾਬਦੇਹ STEM ਸਿੱਖਣ ਦੇ ਮੌਕੇ ਪ੍ਰਦਾਨ ਕਰਨ ਦਾ ਮੌਕਾ ਦਿੰਦੀ ਹੈ ਜੋ ਘੱਟ-ਨੁਮਾਇੰਦਗੀ ਵਾਲੇ ਸਮੂਹਾਂ ਦੀਆਂ ਲੋੜਾਂ ਦਾ ਸਮਰਥਨ ਕਰਦੇ ਹਨ।

ਉਦਯੋਗਿਕ ਭਾਈਵਾਲੀਆਂ ਅਤੇ ਪਹਿਲਕਦਮੀਆਂ STEM ਵਿੱਚ ਅਸਲ-ਸੰਸਾਰ ਦੀਆਂ ਸਮੱਸਿਆ-ਹੱਲ ਕਰਨ ਅਤੇ ਨੌਕਰੀ ਦੇ ਮੌਕੇ ਪ੍ਰਦਾਨ ਕਰ ਸਕਦੀਆਂ ਹਨ, ਜਿਸ ਵਿੱਚ ਕਾਰਜ ਸਥਾਨ ਦਾ ਦੌਰਾ, ਜਮਾਤ ਦੇ ਕਮਰੇ ਵਿੱਚ ਗਤੀਵਿਧੀਆਂ ਜਾਂ ਕੰਮ ਦਾ ਤਜ਼ਰਬਾ ਸ਼ਾਮਲ ਹੈ।[36]

ਉਦਯੋਗ ਸਕੂਲਾਂ ਨਾਲ ਜੁੜਨ ਲਈ ਹੋਰ ਬਹੁਤ ਕੁੱਝ ਕਰ ਸਕਦਾ ਹੈ ਅਤੇ ਇਹ ਯਕੀਨੀ ਬਣਾ ਸਕਦਾ ਹੈ ਕਿ ਵਿਭਿੰਨਤਾ ਵਾਲੇ ਵਿਦਿਆਰਥੀਆਂ ਨੂੰ ਸ਼ਾਮਲ ਕਰਨ ਲਈ ਆਊਟਰੀਚ ਮੌਕੇ ਤਿਆਰ ਕੀਤੇ ਗਏ ਹਨ। ਇਸਦੇ ਨਾਲ ਹੀ, ਉਦਯੋਗਿਕ-ਅਗਵਾਈ ਵਾਲੀਆਂ ਗਤੀਵਿਧੀਆਂ ਦੀ ਕਦਰ ਕੀਤੀ ਜਾਣੀ ਚਾਹੀਦੀ ਹੈ ਅਤੇ ਜਾਣਬੁੱਝ ਕੇ ਪਾਠਕ੍ਰਮ ਦੀ ਸਮੱਗਰੀ ਨਾਲ ਜੋੜਿਆ ਜਾਣਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਲਾਂਭੇ ਹੋ ਚੁੱਕੇ ਵਿਦਿਆਰਥੀਆਂ ਤੱਕ ਪਹੁੰਚ ਰਹੀਆਂ ਹਨ।[37]

STEM ਸਿੱਖਿਆ ਵਿਸ਼ਾ-ਵਸਤੂ ਅਤੇ ਸਮੱਗਰੀ ਵਿੱਚ ਵਿਭਿੰਨ ਨੁਮਾਇੰਦਗੀ ਅਤੇ ਦ੍ਰਿਸ਼ਟੀਕੋਣ ਵਿਭਿੰਨਤਾ ਵਾਲੇ ਸਮੂਹਾਂ ਦੇ ਵਿਦਿਆਰਥੀਆਂ ਵਿੱਚ ਹੋਰ ਪ੍ਰੇਰਨਾ ਅਤੇ ਵਿਸ਼ਵਾਸ ਪੈਦਾ ਕਰ ਸਕਦੇ ਹਨ ਕਿ ਉਹ STEM ਨਾਲ ਜੁੜੇ ਹੋਏ ਹਨ। ਖੋਜ ਨੇ ਸਕੂਲੀ ਕੋਰਸਾਂ, ਖ਼ਾਸ ਤੌਰ 'ਤੇ ਔਰਤਾਂ ਦੀ ਨੁਮਾਇੰਦਗੀ ਕਰਨ ਵਾਲੇ ਵਿਗਿਆਨੀਆਂ ਵਿੱਚ ਵਿਭਿੰਨਤਾ ਦੀ ਘਾਟ ਲੱਭੀ ਹੈ।[38]

ਉੱਚ-ਗੁਣਵੱਤਾ ਕੈਰੀਅਰ ਸਲਾਹ ਵੀ ਮਹੱਤਵਪੂਰਨ ਹੈ। ਇਹ ਹਾਈ-ਸਕੂਲ-ਤੋਂ-ਯੂਨੀਵਰਸਿਟੀ ਦੇ ਰਵਾਇਤੀ ਮਾਰਗ ਲਈ ਵਿਕਲਪ ਦਿਖਾ ਸਕਦੀ ਹੈ ਜੋ ਕੁੱਝ ਵਿਦਿਆਰਥੀਆਂ ਨੂੰ STEM ਸਿੱਖਿਆ ਜਾਰੀ ਰੱਖਣ ਤੋਂ ਨਿਰਾਸ਼ ਕਰ ਸਕਦੇ ਹਨ।

---

[34] ਸਿੱਖਿਆ ਵਿਭਾਗ। (ਦਸੰਬਰ 2022)। *ਨੈਸ਼ਨਲ ਟੀਚਰ ਵਰਕਫੋਰਸ ਐਕਸ਼ਨ ਪਲਾਨ*। ਆਸਟ੍ਰੇਲੀਆਈ ਸਰਕਾਰ। https://www.education.gov.au/teaching-and-school-leadership/resources/national-teacher-workforce-action-plan-publication

[35] ਖਜ਼ਾਨਾ ਵਿਭਾਗ (2023)। *ਕੰਮਕਾਜੀ ਭਵਿੱਖ: ਨੌਕਰੀਆਂ ਅਤੇ ਮੌਕਿਆਂ 'ਤੇ ਆਸਟ੍ਰੇਲੀਆਈ ਸਰਕਾਰ ਦਾ ਵ੍ਹਾਈਟ ਪੇਪਰ*। ਆਸਟ੍ਰੇਲੀਆਈ ਸਰਕਾਰ। https://treasury.gov.au/sites/default/files/2023-10/p2023-447996-working-future.pdf

[36] ਸਿੱਖਿਆ ਕੌਂਸਲ। (12 ਅਪ੍ਰੈਲ 2018)। *STEM ਉਦਯੋਗ-ਸਕੂਲ ਭਾਈਵਾਲੀ ਤੋਂ ਪੂਰਾ ਲਾਭ ਉਠਾਉਣਾ: ਆਸਟ੍ਰੇਲੀਆ ਦੀ ਅਗਲੀ ਪੀੜ੍ਹੀ ਨੂੰ ਪ੍ਰੇਰਿਤ ਕਰਨਾ*। https://www.chiefscientist.gov.au/sites/default/files/2019-11/optimising_stem_industry-school_partnerships_-_final_report.pdf

[37] ਸਿੱਖਿਆ ਵਿਭਾਗ। (23 ਜੁਲਾਈ 2020)। *ਭਵਿੱਖ ਵੱਲ ਦੇਖਦੇ ਹੋਏ: ਕੰਮ, ਅੱਗੇ ਦੀ ਸਿੱਖਿਆ ਅਤੇ ਸਿਖਲਾਈ ਦੇ ਸੀਨੀਅਰ ਸੈਕੰਡਰੀ ਮਾਰਗਾਂ ਦੀ ਸਮੀਖਿਆ ਦੀ ਰਿਪੋਰਟ* । ਆਸਟ੍ਰੇਲੀਆਈ ਸਰਕਾਰ। https://www.education.gov.au/quality-schools-package/resources/looking-future-report-review-senior-secondary-pathways-work-further-education-and-training

[38] ਰੌਸ, ਕੇ., ਗਲੌਂਡੇਜ, ਐੱਸ., ਕਲਾਰਕ, ਟੀ., ਲੋਸਨ, ਐੱਨ., ਬੈਟਿਸਟੀ, ਏ., ਐਡਮ, ਐੱਚ., ਰੌਸ ਏ.ਕੇ., ਅਤੇ ਸਵੀਨੀ, ਐੱਨ. (28 ਅਗਸਤ 2023)। ਅਦਿੱਖ ਔਰਤਾਂ: ਪੂਰੇ ਆਸਟ੍ਰੇਲੀਆ ਭਰ ਵਿੱਚ ਹਾਈ ਸਕੂਲ ਵਿਗਿਆਨ ਕੋਰਸਾਂ ਵਿੱਚ ਲਿੰਗ ਨੁਮਾਇੰਦਗੀ। *ਆਸਟ੍ਰੇਲੀਅਨ ਜਰਨਲ ਆਫ਼ ਐਜੂਕੇਸ਼ਨ*। https://doi.org/10.1177/00049441231197245

ਸਾਰੀਆਂ ਸਰਕਾਰਾਂ ਦੀ ਭੂਮਿਕਾ ਹੈ ਕਿ ਉਹ ਅਧਿਆਪਕਾਂ, ਵਿਦਿਆਰਥੀਆਂ, ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਕੈਰੀਅਰ ਦੇ ਮੌਕਿਆਂ ਅਤੇ ਉੱਥੇ ਪਹੁੰਚਣ ਦੇ ਵਿਦਿਅਕ ਮਾਰਗਾਂ ਬਾਰੇ ਨਵੀਨਤਮ ਅਤੇ ਭਰੋਸੇਮੰਦ ਸਲਾਹ ਨਾਲ ਸਹਾਇਤਾ ਕਰਨ।[39] ਸਕੂਲਾਂ ਵਿੱਚ ਅਧਿਆਪਕਾਂ ਅਤੇ ਕੈਰੀਅਰ ਸਲਾਹਕਾਰਾਂ 'ਤੇ ਮੌਜੂਦਾ ਬੋਝ ਨੂੰ ਧਿਆਨ ਵਿੱਚ ਰੱਖਦੇ ਹੋਏ, STEM ਕੈਰੀਅਰ ਮਾਰਗਾਂ ਨੂੰ ਉਤਸ਼ਾਹਿਤ ਕਰਨ ਦੇ ਹੋਰ ਨਵੀਨਤਾਕਾਰੀ ਤਰੀਕਿਆਂ ਨੂੰ ਸੰਚਾਰ ਅਤੇ ਆਊਟਰੀਚ ਰਣਨੀਤੀ ਦੇ ਹਿੱਸੇ ਵਜੋਂ ਵਿਚਾਰਿਆ ਜਾਣਾ ਚਾਹੀਦਾ ਹੈ (ਸਿਫ਼ਾਰਸ਼ 11)।

[39] STEM ਵਿੱਚ ਵਿਭਿੰਨਤਾ ਲਈ ਮਾਰਗ ਦੀ ਸਮੀਖਿਆ ਨੂੰ ਆਈ ਸਬਮਿਸ਼ਨ। ਜਵਾਬਦੇਹ ਨੇ ਅਗਿਆਤ ਰੂਪ ਵਿੱਚ ਫੀਡਬੈਕ ਜਮ੍ਹਾਂ ਕਰਨ ਦੀ ਚੋਣ ਕੀਤੀ ਹੈ।

## ਸਿਫ਼ਾਰਸ਼ 9

ਇਹ ਪੈਨਲ ਸਿਫ਼ਾਰਸ਼ ਕਰਦਾ ਹੈ ਕਿ ਆਸਟ੍ਰੇਲੀਆਈ ਸਰਕਾਰ, ਸਿੱਖਿਆ ਵਿਭਾਗ ਅਤੇ ਰੁਜ਼ਗਾਰ ਅਤੇ ਕਾਰਜ ਸਥਾਨ ਸੰਬੰਧਾਂ ਦੇ ਵਿਭਾਗ ਦੁਆਰਾ, ਰਾਸ਼ਟਰੀ ਯੂਨੀਵਰਸਿਟੀ ਪੱਧਰ ਦੇ ਸਿੱਖਿਆ ਸੁਧਾਰਾਂ ਨੂੰ ਯਕੀਨੀ ਬਣਾਉਣ ਲਈ ਰਾਜ ਅਤੇ ਖੇਤਰੀ ਸਰਕਾਰਾਂ ਨਾਲ ਮਿਲਕੇ ਕੰਮ ਕਰਨ ਲਈ ਆਪਣੀ ਸੰਯੋਜਕ ਸ਼ਕਤੀ ਦੀ ਵਰਤੋਂ ਕਰੇ, ਜਿਸ ਵਿੱਚ STEM ਸਿੱਖਿਆ ਵਿੱਚ ਘੱਟ-ਨੁਮਾਇੰਦਗੀ ਵਾਲੇ ਸਮੂਹਾਂ ਦੁਆਰਾ ਪਹੁੰਚ, ਭਾਗੀਦਾਰੀ ਅਤੇ ਪ੍ਰਾਪਤੀ ਨੂੰ ਵਧਾਉਣ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਸਮੇਤ ਇਹਨਾਂ ਦੇ :

- ਆਸਟ੍ਰੇਲੀਅਨ ਯੂਨੀਵਰਸਿਟੀਆਂ ਦੇ ਸਮਝੌਤੇ ਲਈ ਆਸਟ੍ਰੇਲੀਆਈ ਸਰਕਾਰ ਦੇ ਜਵਾਬ ਰਾਹੀਂ
- ਨਵੇਂ ਰਾਸ਼ਟਰੀ ਹੁਨਰ ਸਮਝੌਤੇ ਦੇ ਤਹਿਤ ਪਹਿਲਕਦਮੀਆਂ ਨੂੰ ਲਾਗੂ ਕਰਨ ਦੁਆਰਾ
- VET ਸਿਖਲਾਈ ਵਿੱਚ ਸੁਧਾਰਾਂ ਬਾਰੇ ਉਦਯੋਗ ਦੀ ਅਗਵਾਈ ਵਾਲੀ ਸਲਾਹ 'ਤੇ ਸੰਬੰਧਿਤ ਨੌਕਰੀਆਂ ਅਤੇ ਹੁਨਰ ਕੌਂਸਲਾਂ ਨਾਲ ਕੰਮ ਕਰਨ ਦੁਆਰਾ।

### *ਇਸ ਸਿਫ਼ਾਰਸ਼ ਲਈ ਮੁੱਖ ਨੁਕਤੇ*

ਤਰਜੀਹ ਦੇ ਤੌਰ 'ਤੇ, ਕਾਰਵਾਈਆਂ ਨੂੰ ਸਿੱਖਣ ਅਤੇ ਅਧਿਐਨ ਕਰਨ ਲਈ ਸੁਰੱਖਿਅਤ ਅਤੇ ਸ਼ਮੂਲੀਅਤ ਵਾਲੇ ਸਥਾਨ ਬਣਾਉਣ ਲਈ ਸਾਰੇ ਯੂਨੀਵਰਸਿਟੀ ਪੱਧਰ ਦੇ ਸਿੱਖਿਆ ਪ੍ਰਦਾਤਾਵਾਂ ਦੀ ਜਵਾਬਦੇਹੀ ਵਧਾਉਣ 'ਤੇ ਧਿਆਨ ਦੇਣਾ ਚਾਹੀਦਾ ਹੈ। ਇਸ ਵਿੱਚ ਧੱਕੇਸ਼ਾਹੀ, ਤੰਗ-ਪ੍ਰੇਸ਼ਾਨ ਕਰਨ ਅਤੇ ਭੇਦਭਾਵ ਨੂੰ ਖ਼ਤਮ ਕਰਨਾ ਸ਼ਾਮਲ ਹੈ।

ਰੁਕਾਵਟਾਂ ਨੂੰ ਦੂਰ ਕਰਨ ਅਤੇ ਯੂਨੀਵਰਸਿਟੀ ਪੱਧਰ ਦੀ STEM ਸਿੱਖਿਆ ਤੱਕ ਪਹੁੰਚ ਵਧਾਉਣ ਲਈ ਕਾਰਵਾਈਆਂ ਵਿੱਚ ਇਹ ਸ਼ਾਮਲ ਹੋਣਾ ਚਾਹੀਦਾ ਹੈ:

- ਤਰਜੀਹੀ ਕੋਰਸਾਂ ਵਿੱਚ ਘੱਟ ਨੁਮਾਇੰਦਗੀ ਵਾਲੇ ਸਮੂਹਾਂ ਲਈ ਯੂਨੀਵਰਸਿਟੀ ਵਿੱਚ ਆਸਟ੍ਰੇਲੀਆਈ ਸਰਕਾਰ ਦੁਆਰਾ ਸਹਾਇਤਾ ਪ੍ਰਾਪਤ ਸਥਾਨਾਂ ਦੀ ਵੱਧਦੀ ਉਪਲਬਧਤਾ
- ਹੇਠਲੇ ਸਮਾਜਿਕ-ਆਰਥਿਕ ਅਤੇ ਦਿਹਾਤੀ/ਦੂਰ-ਦੁਰਾਡੇ ਖੇਤਰਾਂ ਵਿੱਚ ਯੂਨੀਵਰਸਿਟੀ ਪੱਧਰ ਦੇ STEM ਕੋਰਸਾਂ ਦੀ ਉਪਲਬਧਤਾ ਜਾਂ ਪਹੁੰਚਯੋਗਤਾ ਨੂੰ ਵਧਾਉਣਾ
- STEM ਕੋਰਸਾਂ ਲਈ ਵਧੇਰੇ ਲਚਕਦਾਰ ਰਸਤੇ ਬਣਾਉਣਾ, ਖ਼ਾਸ ਕਰਕੇ:
  - ਬੈਂਚਮਾਰਕਡ ਅਤੇ ਸਕੇਲਡ ਐਂਟਰੀ ਲੋੜਾਂ ਲਈ ਵਿਕਲਪਕ ਮਾਰਗ
  - VET ਤੋਂ ਯੂਨੀਵਰਸਿਟੀ ਜਾਣ ਦੇ ਤੱਕ ਰਸਤਿਆਂ ਨੂੰ ਸੁਚਾਰੂ ਬਣਾਉਣਾ
  - ਵਿਭਿੰਨਤਾ ਵਾਲੀਆਂ ਸਿੱਖਿਆ ਲੋੜਾਂ ਨੂੰ ਪੂਰਾ ਕਰਨਾ
- ਸਿੱਖਿਆ, ਸਮਾਜਿਕ ਸਹਾਇਤਾ ਅਤੇ ਏਕੀਕ੍ਰਿਤ ਅਤੇ ਤਾਲਮੇਲ ਵਾਲੀਆਂ ਸਹਾਇਤਾਵਾਂ ਤੱਕ ਪਹੁੰਚ ਵਧਾਉਣਾ
- STEM ਕੋਰਸ ਕਰਨ ਲਈ ਵਿੱਤੀ ਰੁਕਾਵਟਾਂ ਨੂੰ ਘਟਾਉਣਾ, ਜਿਸ ਵਿੱਚ PhD ਕਰਦੇ ਵਿਦਿਆਰਥੀਆਂ ਲਈ ਨਿਰਧਾਰਿਤ ਵਜ਼ੀਫ਼ਾ ਵਧਾਉਣਾ ਵੀ ਸ਼ਾਮਲ ਹੈ
- ਇਹ ਯਕੀਨੀ ਬਣਾਉਣਾ ਕਿ ਸਿੱਖਣ ਅਤੇ ਅਧਿਐਨ ਕਰਨ ਲਈ ਸਾਰੀਆਂ ਥਾਵਾਂ ਸਰੀਰਕ ਤੌਰ 'ਤੇ ਪਹੁੰਚਯੋਗ ਅਤੇ ਸ਼ਮੂਲੀਅਤ ਵਾਲੀਆਂ ਹੋਣ, ਖ਼ਾਸ ਤੌਰ 'ਤੇ ਅਪੰਗਤਾ ਵਾਲੇ ਲੋਕਾਂ ਲਈ
- ਫਸਟ ਨੇਸ਼ਨਜ਼ ਦੇ ਲੋਕਾਂ ਦੀ ਅਗਵਾਈ ਵਾਲੀ STEM ਖੋਜ ਨੂੰ ਵਧਾਉਣ ਲਈ ਫਸਟ ਨੇਸ਼ਨਜ਼ ਦੇ ਲੋਕਾਂ ਨੂੰ ਉੱਚ ਡਿਗਰੀ ਖੋਜ ਮਾਰਗਾਂ ਵਿੱਚ ਸਮਰਥਨ ਦੇਣਾ ਅਤੇ ਉਤਸ਼ਾਹਿਤ ਕਰਨਾ
  - ਇਹ ਯਕੀਨੀ ਬਣਾਉਣਾ ਕਿ ਸਿੱਖਣ ਦੀ ਸਮੱਗਰੀ, ਰੀਡਿੰਗ ਸੂਚੀਆਂ ਅਤੇ ਸਰੋਤਾਂ ਨੂੰ ਵਿਭਿੰਨਤਾ ਵਾਲੀ ਨੁਮਾਇੰਦਗੀ ਨਾਲ ਵਿਕਸਤ ਕੀਤਾ ਗਿਆ ਹੈ ਅਤੇ ਵਿਭਿੰਨਤਾ ਵਾਲੇ ਗਿਆਨ 'ਤੇ ਬਣਾਇਆ ਗਿਆ ਹੈ। ਖ਼ਾਸ ਤੌਰ 'ਤੇ, ਉਨ੍ਹਾਂ ਨੂੰ ਫਸਟ ਨੇਸ਼ਨਜ਼ ਦੇ ਲੋਕਾਂ ਦੇ ਗਿਆਨ ਅਤੇ ਦ੍ਰਿਸ਼ਟੀਕੋਣਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ।

ਇਹਨਾਂ ਯਤਨਾਂ ਨੂੰ ਲਾਜ਼ਮੀ ਤੌਰ 'ਤੇ ਘੱਟ ਨੁਮਾਇੰਦਗੀ ਵਾਲੇ ਸਮੂਹਾਂ ਦੀ ਰਾਏ ਅਤੇ ਇੱਛਾਵਾਂ 'ਤੇ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਪਾਅ ਅਜਿਹੇ ਤਰੀਕੇ ਨਾਲ ਡਿਜ਼ਾਈਨ ਕੀਤੇ ਅਤੇ ਲਾਗੂ ਕੀਤੇ ਗਏ ਹਨ ਜੋ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਉਹਨਾਂ ਦੀਆਂ ਲੋੜਾਂ ਪ੍ਰਤੀ ਜਵਾਬਦੇਹ ਹਨ।

## *ਅਸੀਂ ਇਸਦੀ ਸਿਫ਼ਾਰਸ਼ ਕਿਉਂ ਕਰਦੇ ਹਾਂ*

ਘੱਟ ਨੁਮਾਇੰਦਗੀ ਵਾਲੇ ਸਮੂਹਾਂ ਦੇ ਸੰਬੰਧ ਵਿੱਚ STEM ਸਿੱਖਿਆ ਵਿੱਚ ਦਾਖ਼ਲਾ ਲੈਣ ਅਤੇ ਪੜ੍ਹਾਈ ਮੁਕੰਮਲਤਾ ਵਿੱਚ ਕੁੱਝ ਸੁਧਾਰ ਹੋਏ ਹਨ। ਉਦਾਹਰਨ ਲਈ, 2015 ਅਤੇ 2021 ਦੇ ਦਰਮਿਆਨ ਯੂਨੀਵਰਸਿਟੀ ਦੇ STEM ਕੋਰਸਾਂ ਵਿੱਚ ਦਾਖਲਾ ਲੈਣ ਵਾਲੀਆਂ ਔਰਤਾਂ ਦੀ ਗਿਣਤੀ ਵਿੱਚ 31% ਵਾਧਾ ਹੋਇਆ ਹੈ। 2011 ਅਤੇ 2021 ਦੇ ਵਿਚਕਾਰ STEM ਡਿਗਰੀਆਂ ਨੂੰ ਪੂਰਾ ਕਰਨ ਵਾਲੇ ਫਸਟ ਨੇਸ਼ਨਜ਼ ਦੇ ਵਿਦਿਆਰਥੀਆਂ ਦੀ ਗਿਣਤੀ ਦੁੱਗਣੀ ਤੋਂ ਵੱਧ (124 ਤੋਂ 366 ਤੱਕ) ਹੋ ਗਈ ਹੈ।

ਹਾਲਾਂਕਿ, ਦਾਖਲਾ ਲੈਣ ਅਤੇ ਮੁਕੰਮਲ ਕਰਨ ਦੀਆਂ ਦਰਾਂ ਅਜੇ ਵੀ ਘੱਟ ਹਨ, ਜੋ ਦਰਸਾਉਂਦੀਆਂ ਹਨ ਕਿ ਵੱਖ-ਵੱਖ ਵਿਭਿੰਨ ਸਮੂਹਾਂ ਦੀਆਂ ਲੋੜਾਂ ਨੂੰ ਸਮਝਣ ਅਤੇ ਉਹਨਾਂ ਨੂੰ ਹੱਲ ਕਰਨ ਲਈ ਅਤੇ ਇੱਕ STEM ਕੈਰੀਅਰ ਵਿੱਚ ਉਹਨਾਂ ਦੇ ਮਾਰਗ ਵਿੱਚ ਉਹਨਾਂ ਦਾ ਸਭ ਤੋਂ ਵਧੀਆ ਸਮਰਥਨ ਕਿਵੇਂ ਕਰਨਾ ਹੈ, ਵਧੇਰੇ ਚੀਜ਼ਾਂ ਕਰਨ ਦੀ ਲੋੜ ਹੈ।

ਸਾਰੇ ਵਿਦਿਆਰਥੀਆਂ ਅਤੇ ਸਟਾਫ਼ ਦੇ ਵਧਣ-ਫੁੱਲਣ ਲਈ ਸਿੱਖਿਆ ਸੈਟਿੰਗਾਂ ਸੁਰੱਖਿਅਤ ਹੋਣੀਆਂ ਲਾਜ਼ਮੀ ਹਨ। ਉਹਨਾਂ ਨੂੰ ਉਹ ਹਾਨੀਕਾਰਕ ਜਾਂ ਨਕਾਰਾਤਮਕ ਤਜ਼ਰਬਿਆਂ ਨੂੰ ਖ਼ਤਮ ਕਰਨਾ ਚਾਹੀਦਾ ਹੈ ਜਿਹਨਾਂ ਦਾ ਵਿਦਿਆਰਥੀਆਂ ਨੂੰ ਉਹਨਾਂ ਦੀ ਪਛਾਣ ਕਾਰਨ ਸਾਹਮਣਾ ਕਰਨਾ ਪੈ ਸਕਦਾ ਹੈ।

ਅਪੰਗਤਾ ਵਾਲੇ ਲੋਕਾਂ ਲਈ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਣ ਲਈ ਤਰੱਕੀ ਕਰਨ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਇਸ ਵਿੱਚ ਸ਼ਾਮਲ ਹਨ:

- ਇਹ ਯਕੀਨੀ ਬਣਾਉਣਾ ਕਿ ਪ੍ਰਯੋਗਸ਼ਾਲਾਵਾਂ ਅਤੇ ਸਿੱਖਣ ਦੀਆਂ ਥਾਵਾਂ ਪਹੁੰਚਯੋਗ ਹਨ
- ਸਿੱਖਿਆ ਸਮੱਗਰੀਆਂ ਨਜ਼ਰ ਸੰਬੰਧੀ ਕਮਜ਼ੋਰੀ ਜਾਂ ਬੋਧਾਤਮਕ ਅੰਤਰਾਂ ਲਈ ਅਨੁਕੂਲ ਹਨ
- ਅਪਾਹਜਤਾ ਵਾਲੇ ਲੋਕਾਂ ਕੋਲ ਸਾਥੀ ਅਤੇ ਸਿੱਖਿਆ ਸਹਾਇਤਾ ਤੱਕ ਬਰਾਬਰ ਪਹੁੰਚ ਹੈ।

*ਯੂਨੀਵਰਸਿਟੀਆਂ ਦੇ ਸਮਝੌਤੇ ਦੀ ਅੰਤਰਿਮ ਰਿਪੋਰਟ ਨੇ* ਖੁਲਾਸਾ ਕੀਤਾ ਹੈ ਕਿ ਯੂਨੀਵਰਸਿਟੀਆਂ ਨੂੰ ਘੱਟ ਨੁਮਾਇੰਦਗੀ ਵਾਲੇ ਅਤੇ ਵਾਂਝੇ ਸਮੂਹਾਂ ਦੇ ਵਿਦਿਆਰਥੀਆਂ ਦੀ ਸਹਾਇਤਾ ਕਰਨ ਦੇ ਉੱਚ ਖ਼ਰਚਿਆਂ ਨੂੰ ਪੂਰਾ ਕਰਨ ਲਈ ਵਾਧੂ ਸਰੋਤਾਂ ਦੀ ਲੋੜ ਹੈ। ਇਹ ਵਿੱਤੀ ਸਹਾਇਤਾ ਬਰਾਬਰੀ ਵਾਲੀ ਅਤੇ ਪਹੁੰਚਯੋਗ ਹੋਣ ਦੀ ਲੋੜ ਹੈ। ਇਸ ਸਮੀਖਿਆ ਲਈ ਆਈਆਂ ਸਬਮਿਸ਼ਨਾਂ ਨੇ ਉਹਨਾਂ ਵਿੱਤੀ ਰੁਕਾਵਟਾਂ ਅਤੇ ਦਬਾਅ ਨੂੰ ਉਜਾਗਰ ਕੀਤਾ ਜੋ STEM ਲਈ ਵਿਲੱਖਣ ਹਨ। PhD ਵਜ਼ੀਫ਼ਾ (ਜੋ ਆਸਟ੍ਰੇਲੀਆ ਦੇ ਮੌਜੂਦਾ ਘੱਟੋ-ਘੱਟ ਵੇਤਨ ਤੋਂ ਬਹੁਤ ਹੇਠਾਂ ਹੈ) ਵਧਾਉਣਾ ਅਤੇ ਟੀਚਾਬੱਧ ਸਕਾਲਰਸ਼ਿਪ ਸਕੀਮਾਂ ਵਰਗੇ ਪ੍ਰੋਗਰਾਮ ਪ੍ਰਦਾਨ ਕਰਨਾ STEM ਉੱਚ ਸਿੱਖਿਆ ਵਿੱਚ ਘੱਟ-ਨੁਮਾਇੰਦਗੀ ਵਾਲੇ ਸਮੂਹਾਂ ਨੂੰ ਆਕਰਸ਼ਿਤ ਕਰਨ ਅਤੇ ਬਰਕਰਾਰ ਰੱਖਣ ਵਿੱਚ ਮੱਦਦ ਕਰ ਸਕਦਾ ਹੈ।

ਆਸਾਨੀ ਨਾਲ ਪਹੁੰਚ ਕੀਤੇ ਜਾ ਸਕਣ ਵਾਲੀਆਂ ਏਕੀਕ੍ਰਿਤ ਅਤੇ ਤਾਲਮੇਲ ਵਾਲੀਆਂ ਸਹਾਇਤਾਵਾਂ ਬਾਹਰੀ ਰੁਕਾਵਟਾਂ ਨੂੰ ਹੱਲ ਕਰਨ ਵਿੱਚ ਵੀ ਮੱਦਦ ਕਰ ਸਕਦੀਆਂ ਹਨ। ਉਦਾਹਰਨ ਲਈ: ਵਿਦਿਆਰਥੀਆਂ ਨੂੰ ਕੈਂਪਸ ਤੋਂ ਪਰ੍ਹੇ ਸਿੱਖਣ ਲਈ ਥਾਂ ਪ੍ਰਦਾਨ ਕਰਨਾ, ਅਤੇ ਸਹਾਇਤਾ ਤੱਕ ਇੱਕ ਥਾਂ 'ਤੇ ਪਹੁੰਚ ਪ੍ਰਾਪਤ ਕਰਨਾ, ਦਿਹਾਤੀ ਜਾਂ ਦੂਰ-ਦੁਰਾਡੇ ਦੇ ਖੇਤਰਾਂ ਦੇ ਵਿਦਿਆਰਥੀਆਂ ਨੂੰ ਸ਼ਾਮਲ ਕਰਨ ਵਿੱਚ ਮੱਦਦ ਕਰ ਸਕਦਾ ਹੈ ਅਤੇ ਉਹਨਾਂ ਦੇ ਪਰਿਵਾਰ ਅਤੇ ਭਾਈਚਾਰੇ ਨਾਲ ਸੰਪਰਕ ਬਣਾਏ ਰੱਖਣ ਵਿੱਚ ਸਹਾਇਤਾ ਕਰ ਸਕਦਾ ਹੈ।

ਯੂਨੀਵਰਸਿਟੀਆਂ ਨੂੰ ਫਸਟ ਨੇਸ਼ਨਜ਼ ਦੇ ਵਿਦਿਆਰਥੀਆਂ ਲਈ ਉੱਚ ਡਿਗਰੀ ਖੋਜ ਲਈ ਸਹਾਇਕ ਮਾਰਗ ਬਣਾਉਣ ਦੇ ਤਰੀਕਿਆਂ 'ਤੇ ਫਸਟ ਨੇਸ਼ਨਜ਼ ਦੇ ਲੋਕਾਂ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਉਹਨਾਂ ਨੂੰ STEM ਕੋਰਸਾਂ ਵਿੱਚ ਫਸਟ ਨੇਸ਼ਨਜ਼ ਗਿਆਨ ਨੂੰ ਸ਼ਾਮਲ ਕਰਨ ਦੇ ਤਰੀਕਿਆਂ ਦੀ ਪੜਚੋਲ ਕਰਨ ਲਈ ਸਾਂਝੇਦਾਰੀ ਵਿੱਚ ਵੀ ਕੰਮ ਕਰਨਾ ਚਾਹੀਦਾ ਹੈ। ਇਹ ਫਸਟ ਨੇਸ਼ਨਜ਼ ਦੇ ਹੋਰ ਖੋਜਕਰਤਾਵਾਂ ਅਤੇ ਫਸਟ ਨੇਸ਼ਨਜ਼ ਦੀ ਅਗਵਾਈ ਵਾਲੀ ਖੋਜ ਨੂੰ ਉਤਸ਼ਾਹਿਤ ਕਰਨ ਵਿੱਚ ਮੱਦਦ ਕਰੇਗਾ, ਅਤੇ ਇਹ ਯਕੀਨੀ ਬਣਾਉਣ ਵਿੱਚ ਮੱਦਦ ਕਰੇਗਾ ਕਿ ਕੋਰਸ ਅਤੇ ਖੋਜ ਫਸਟ ਨੇਸ਼ਨਜ਼ ਦੇ ਭਾਈਚਾਰਿਆਂ ਦੀਆਂ ਲੋੜਾਂ ਨੂੰ ਪੂਰਾ ਕਰ ਰਹੇ ਹਨ।

ਸਿੱਖਿਆ ਪ੍ਰਦਾਤਾ ਵਿਭਿੰਨਤਾ ਵਾਲੇ ਸਮੂਹਾਂ ਦੇ ਲੋਕਾਂ ਨੂੰ ਸ਼ਾਮਲ ਕਰਨ ਲਈ ਵਧੇਰੇ ਲਚਕਦਾਰ STEM ਸਿੱਖਿਆ ਮਾਰਗ ਪ੍ਰਦਾਨ ਕਰ ਸਕਦੇ ਹਨ ਜੋ ਉੱਚ ਸਿੱਖਿਆ ਦੀ ਡਿਗਰੀ ਨਹੀਂ ਪ੍ਰਾਪਤ ਕਰਨਾ ਚਾਹੁੰਦੇ, ਜਾਂ ਜੋ ਤਿਆਰ ਨਹੀਂ ਹਨ। ਜੇਕਰ ਵਿਕਲਪ ਹਨ ਲਚਕਦਾਰ ਤਾਂ

ਵਿਦਿਆਰਥੀਆਂ ਦੀ STEM ਸਿੱਖਿਆ ਨੂੰ ਪੂਰਾ ਕਰਨ, ਪਹੁੰਚ ਕਰਨ ਜਾਂ ਪੂਰਾ ਕਰਨ ਲਈ ਵਾਪਸ ਆਉਣ ਦੀਆਂ ਜ਼ਿਆਦਾ ਸੰਭਾਵਨਾਵਾਂ ਹਨ। ਜੀਵਨ ਜਾਂ ਕੰਮ ਦੇ ਪਿਛਲੇ ਤਜਰਬੇ ਜਾਂ ਯੋਗਤਾਵਾਂ ਨੂੰ ਦਾਖਲਾ ਲੋੜਾਂ ਵਿੱਚ ਕਿਵੇਂ ਮਾਨਤਾ ਦਿੱਤੀ ਜਾਂਦੀ ਹੈ, ਜਾਂ ਯੂਨੀਵਰਸਿਟੀ ਪੱਧਰ ਦੀਆਂ ਯੋਗਤਾਵਾਂ ਨੂੰ ਪ੍ਰਾਪਤ ਕਰਨ ਵਿੱਚ ਵਧੇਰੇ ਲਚਕਤਾ, STEM ਵਿੱਚ ਆਪਣੀ ਸਿੱਖਿਆ ਪ੍ਰਾਪਤ ਕਰਨ ਜਾਂ ਅੱਗੇ ਵਧਾਉਣ ਲਈ ਵਿਭਿੰਨ ਅਨੁਭਵ ਵਾਲੇ ਲੋਕਾਂ ਨੂੰ ਵੀ ਆਕਰਸ਼ਿਤ ਕਰ ਸਕਦੀ ਹੈ।

STEM ਲਈ ਜੀਵਨ ਭਰ ਸਿੱਖਣ ਦੀ ਪਹੁੰਚ ਲਈ ਨਵੇਂ ਜਾਂ ਉੱਭਰ ਰਹੇ ਹੁਨਰਾਂ ਵਿੱਚ ਹੁਨਰ ਨੂੰ ਵਧਾਉਣ ਜਾਂ ਮੁੜ-ਮੁਹਾਰਤ ਲਈ ਤੇਜ਼, ਕਿਫਾਇਤੀ ਅਤੇ ਆਸਾਨ-ਪਹੁੰਚ ਵਾਲੇ ਵਿਕਲਪਾਂ ਦੀ ਵੀ ਲੋੜ ਹੁੰਦੀ ਹੈ। ਇਹ ਇੱਕ ਵਿਭਿੰਨਤਾ ਵਾਲੇ STEM ਕਾਰਜਬਲ ਦਾ ਸਮਰਥਨ ਕਰੇਗੀ ਜੋ ਤੇਜ਼ ਤਕਨੀਕੀ ਤਬਦੀਲੀਆਂ ਨੂੰ ਨੈਵੀਗੇਟ ਕਰ ਸਕਦਾ ਹੈ ਅਤੇ ਭਵਿੱਖ ਵਿੱਚ ਕਿਰਤ ਬਜ਼ਾਰ ਦੇ ਮੌਕਿਆਂ ਦਾ ਫਾਇਦਾ ਉਠਾ ਸਕਦਾ ਹੈ। ਉਦਯੋਗ ਉਹਨਾਂ ਹੁਨਰਾਂ ਦੀ ਪਛਾਣ ਕਰਕੇ ਅਤੇ ਉਹਨਾਂ ਲੋੜਾਂ ਨੂੰ ਪੂਰਾ ਕਰਨ ਵਾਲੇ ਕੋਰਸਾਂ ਨੂੰ ਡਿਜ਼ਾਈਨ ਕਰਨ ਲਈ ਸਿਖਲਾਈ ਪ੍ਰਦਾਤਾਵਾਂ ਨਾਲ ਕੰਮ ਕਰਕੇ ਇੱਕ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ।

# ਧਾਰਨਾਵਾਂ ਨੂੰ ਬਦਲਣਾ ਅਤੇ ਵਿਭਿੰਨਤਾ ਵਾਲੇ ਗਿਆਨ ਦੀ ਕਦਰ ਕਰਨਾ

**ਆਸਟ੍ਰੇਲੀਆ ਦੇ STEM ਆਗੂਆਂ ਅਤੇ ਆਸਟ੍ਰੇਲੀਆਈ ਸਰਕਾਰ ਨੂੰ STEM ਕੀ ਹੈ, ਇਹ ਕੌਣ ਕਰਦਾ ਹੈ, ਅਤੇ ਉਪਲਬਧ ਮੌਕਿਆਂ ਦੀ ਵਿਆਕਪਤਾ ਬਾਰੇ ਧਾਰਨਾਵਾਂ ਨੂੰ ਬਦਲਣ ਲਈ ਮਾਹੌਲ ਨੂੰ ਠੀਕ ਕਰਨਾ ਚਾਹੀਦਾ ਹੈ।**

**ਸਿਫ਼ਾਰਸ਼ 10**

ਇਹ ਪੈਨਲ ਆਸਟ੍ਰੇਲੀਆਈ ਸਰਕਾਰ ਨੂੰ ਆਪਣੀਆਂ ਖੋਜ ਫੰਡਿੰਗ ਸੰਸਥਾਵਾਂ ਦੁਆਰਾ ਇਹ ਕਰਨ ਦੀ ਸਿਫ਼ਾਰਸ਼ ਕਰਦਾ ਹੈ:

- ਫਸਟ ਨੇਸ਼ਨਜ਼ ਦੇ ਵਿਗਿਆਨੀਆਂ ਅਤੇ ਖੋਜਕਰਤਾਵਾਂ ਨੂੰ ਤਰਜੀਹ ਦੇਣ ਦੀ ਜੋ ਉਹਨਾਂ ਪ੍ਰੋਜੈਕਟਾਂ ਲਈ ਸਰਕਾਰੀ ਫੰਡਿੰਗ ਲਈ ਅਰਜ਼ੀ ਦੇ ਰਹੇ ਹਨ ਜੋ ਫਸਟ ਨੇਸ਼ਨਜ਼ ਦੇ ਗਿਆਨ ਅਤੇ ਗਿਆਨ ਪ੍ਰਣਾਲੀਆਂ ਨੂੰ ਪ੍ਰਭਾਵਿਤ ਕਰਦੇ ਹਨ ਜਾਂ ਉਹਨਾਂ ਦੀ ਵਰਤੋਂ ਕਰਦੇ ਹਨ, ਜਾਂ ਜੋ ਕਿ STEM ਵਿੱਚ ਫਸਟ ਨੇਸ਼ਨਜ਼ ਦੀ ਸ਼ਮੂਲੀਅਤ 'ਤੇ ਧਿਆਨ ਕੇਂਦਰਿਤ ਕਰਦੇ ਹਨ।
- ਫਸਟ ਨੇਸ਼ਨਜ਼ ਦੇ ਗਿਆਨ ਨੂੰ ਉੱਚਾ ਚੁੱਕਣ ਲਈ ਹੋਰ ਤਰੀਕੇ ਵਿਕਸਿਤ ਕਰਨ ਲਈ ਫਸਟ ਨੇਸ਼ਨਜ਼ ਭਾਈਚਾਰਿਆਂ ਨਾਲ ਮਿਲਕੇ ਕੰਮ ਕਰਨ ਦੀ।

ਇਹ ਪੈਨਲ ਸਿਫ਼ਾਰਸ਼ ਕਰਦਾ ਹੈ ਕਿ ਸਿੱਖਿਅਤ ਅਕੈਡਮੀਆਂ, ਵਿਗਿਆਨ ਅਤੇ ਖੋਜ ਕਮਿਊਨਿਟੀ ਦੇ ਅੰਦਰ ਮਿਆਰੀ ਨਿਰਧਾਰਕਾਂ ਵਜੋਂ, ਵਿਗਿਆਨ ਅਤੇ ਖੋਜ ਪ੍ਰਣਾਲੀਆਂ ਵਿੱਚ ਫਸਟ ਨੇਸ਼ਨਜ਼ ਦੇ ਗਿਆਨ ਨੂੰ ਬੁਣਨ ਲਈ ਸਤਿਕਾਰ, ਜਾਗਰੂਕਤਾ ਅਤੇ ਬਿਹਤਰ ਅਭਿਆਸਾਂ ਨੂੰ ਬਣਾਉਣ ਲਈ ਅਕਾਦਮਿਕ ਭਾਈਚਾਰੇ ਅਤੇ ਪਰੰਪਰਾਗਤ ਗਿਆਨ ਧਾਰਕਾਂ ਨਾਲ ਕੰਮ ਕਰਨ। ਇਸ ਕੰਮ ਨੂੰ ਫਸਟ ਨੇਸ਼ਨਜ਼ ਦੇ ਲੋਕਾਂ ਦੁਆਰਾ ਮਾਰਗਦਰਸ਼ਨ ਕੀਤਾ ਜਾਣਾ ਚਾਹੀਦਾ ਹੈ, ਅਤੇ ਇਸ ਸਿਫ਼ਾਰਸ਼ ਦੇ ਜਵਾਬ ਵਿੱਚ ਆਸਟ੍ਰੇਲੀਆਈ ਸਰਕਾਰ ਦੀਆਂ ਕਾਰਵਾਈਆਂ ਨੂੰ ਸੂਚਿਤ ਕਰਨਾ ਚਾਹੀਦਾ ਹੈ।

## *ਇਸ ਸਿਫ਼ਾਰਸ਼ ਲਈ ਮੁੱਖ ਨੁਕਤੇ*

ਇਸ ਕੰਮ ਵਿੱਚ ਇਹ ਯਕੀਨੀ ਬਣਾਉਣ ਲਈ ਇੱਕ ਫਰੇਮਵਰਕ ਡਿਜ਼ਾਈਨ ਕਰਨਾ ਸ਼ਾਮਲ ਹੋਣਾ ਚਾਹੀਦਾ ਹੈ ਕਿ:

- ਫਸਟ ਨੇਸ਼ਨਜ਼ ਦੇ ਲੋਕਾਂ ਨੂੰ ਇੱਕ ਪ੍ਰਮਾਣਿਕ ਅਤੇ ਕੀਮਤੀ ਗਿਆਨ ਦੇ ਨਮੂਨੇ ਵਜੋਂ ਫਸਟ ਨੇਸ਼ਨਜ਼ ਗਿਆਨ ਦੀ ਮਾਨਤਾ ਅਤੇ ਸਤਿਕਾਰ ਵਧਾਉਣ ਲਈ ਕੰਮ ਦੀ ਅਗਵਾਈ ਕਰਨ ਲਈ ਸਰੋਤ ਅਤੇ ਸਮਰਥਨ ਕੀਤਾ ਜਾਂਦਾ ਹੈ।
- ਖੋਜਕਰਤਾਵਾਂ ਨੂੰ ਖੋਜ ਆਗੂਆਂ ਅਤੇ ਪ੍ਰਸ਼ਾਸਕਾਂ ਦੁਆਰਾ ਫਸਟ ਨੇਸ਼ਨਜ਼ ਦੇ ਲੋਕਾਂ ਅਤੇ ਭਾਈਚਾਰਿਆਂ ਨਾਲ ਸਹਿਯੋਗ ਕਰਨ ਅਤੇ ਉਨ੍ਹਾਂ ਦੇ ਗਿਆਨ ਦੀ ਕਦਰ ਕਰਨ ਲਈ ਸਮਰਥਨ ਕੀਤਾ ਜਾਂਦਾ ਹੈ। ਉਦਾਹਰਨ ਲਈ, ਖੋਜ ਫੰਡਿੰਗ ਸਮਾਂ-ਸੀਮਾਵਾਂ ਨੂੰ ਯਕੀਨੀ ਬਣਾ ਕੇ, ਪ੍ਰਕਾਸ਼ਿਤ ਸਾਰਣੀਆਂ , ਬੌਧਿਕ ਸੰਪੱਤੀ, ਅਤੇ ਫੰਡਿੰਗ ਦੀਆਂ ਉਮੀਦਾਂ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡ ਵਾਸੀਆਂ ਨਾਲ ਸੱਭਿਆਚਾਰਕ ਅਥਾਰਟੀ ਦੇ ਨਾਲ ਆਦਰਪੂਰਣ ਅਤੇ ਸੱਚੀ ਸਾਂਝੇਦਾਰੀ ਲਈ ਅਨੁਕੂਲ ਹਨ।

STEM ਵਿੱਚ ਫਸਟ ਨੇਸ਼ਨਜ਼ ਦੀ ਸ਼ਮੂਲੀਅਤ ਦੇ ਨਾਲ-ਨਾਲ ਇਸ ਰੁਝੇਵੇਂ ਨੂੰ ਵਧਾਉਣ ਲਈ ਨੀਤੀਆਂ ਅਤੇ ਪ੍ਰੋਗਰਾਮਾਂ ਦੀ ਪ੍ਰਭਾਵਸ਼ੀਲਤਾ 'ਤੇ ਖੋਜ ਦੇ ਅੰਤਰਾਂ ਨੂੰ ਹੱਲ ਕਰਨ ਲਈ ਹੋਰ ਕੰਮ ਕਰਨ ਦੀ ਲੋੜ ਹੈ। ਇਸ ਕੰਮ ਦੀ ਅਗਵਾਈ ਫਸਟ ਨੇਸ਼ਨਜ਼ ਦੇ ਅਕਾਦਮਿਕ ਲੋਕਾਂ ਅਤੇ ਭਾਈਚਾਰਿਆਂ ਦੁਆਰਾ ਕੀਤੀ ਜਾਣੀ ਚਾਹੀਦੀ ਹੈ।

## *ਅਸੀਂ ਇਸਦੀ ਸਿਫ਼ਾਰਸ਼ ਕਿਉਂ ਕਰਦੇ ਹਾਂ*

ਵਧੇਰੇ ਸਮਾਜਿਕ, ਵਿਗਿਆਨਕ, ਤਕਨੀਕੀ ਅਤੇ ਆਰਥਿਕ ਨਤੀਜਿਆਂ ਨੂੰ ਪ੍ਰਾਪਤ ਕਰਨ ਲਈ ਫਸਟ ਨੇਸ਼ਨਜ਼ ਲੋਕਾਂ ਅਤੇ ਗਿਆਨ ਅਤੇ STEM ਵਿਚਕਾਰ ਸਹੀ ਢੰਗ ਨਾਲ ਮਾਪਿਆ ਰਿਸ਼ਤਾ ਬਹੁਤ ਮਹੱਤਵਪੂਰਨ ਹੈ।

ਇਹ ਕੰਮ ਇਰਾਦਾਤਨ, ਨਿਰੰਤਰ ਅਤੇ ਫਸਟ ਨੇਸ਼ਨਜ਼ ਦੇ ਲੋਕਾਂ ਦੀ ਅਗਵਾਈ ਵਾਲਾ ਹੋਣਾ ਚਾਹੀਦਾ ਹੈ। STEM ਦੇ ਅੰਦਰ ਵਿਭਿੰਨਤਾ ਵਾਲੇ ਗਿਆਨ ਦੀ ਮਾਨਤਾ ਬਾਰੇ ਧਾਰਨਾਵਾਂ ਅਤੇ ਅਭਿਆਸਾਂ ਨੂੰ ਬਦਲਣ ਵਿੱਚ ਲਰਨਡ ਅਕੈਡਮੀਆਂ ਦੀ ਇੱਕ ਮੁੱਖ ਭੂਮਿਕਾ ਹੈ। ਵਿਗਿਆਨਕ ਅਤੇ ਖੋਜ ਉੱਤਮਤਾ ਦੇ ਮਿਆਰ ਤਹਿ ਕਰਨ ਵਾਲੇ ਅਤੇ ਸਮਰਥਕ ਹੋਣ ਦੇ ਨਾਤੇ, ਉਹਨਾਂ ਨੂੰ ਉਦਾਹਰਨ ਦੇ ਕੇ ਅਗਵਾਈ ਕਰਨੀ ਚਾਹੀਦੀ ਹੈ ਅਤੇ ਇਸ ਤਬਦੀਲੀ ਵੱਲ ਫਸਟ ਨੇਸ਼ਨਜ਼ ਦੇ ਲੋਕਾਂ ਨਾਲ ਕੰਮ ਕਰਨਾ ਚਾਹੀਦਾ ਹੈ। ਉਹਨਾਂ ਨੂੰ ਅਜਿਹਾ ਇਸ ਤਰੀਕੇ ਨਾਲ ਕਰਨਾ ਚਾਹੀਦਾ ਹੈ ਕਿ ਸਰੋਤ ਅਤੇ ਫਸਟ ਨੇਸ਼ਨਜ਼ ਦੇ ਲੋਕਾਂ ਨੂੰ ਉਹਨਾਂ ਦੇ ਗਿਆਨ ਨੂੰ ਵਿਗਿਆਨ ਅਤੇ ਖੋਜ ਪ੍ਰਣਾਲੀਆਂ ਵਿੱਚ ਬੁਣਨ ਲਈ ਜਿੱਥੇ ਉਚਿਤ ਹੋਵੇ, ਅਤੇ ਉਹਨਾਂ ਦੇ ਗਿਆਨ ਉੱਤੇ ਫਸਟ ਨੇਸ਼ਨਜ਼ ਦੇ ਨਿਯੰਤਰਣ ਨੂੰ ਮਾਨਤਾ ਦੇਣ।

ਇਸ ਪੈਨਲ ਨੇ ਜਾਣਿਆ ਹੈ ਕਿ STEM ਵਿੱਚ ਸਰਕਾਰੀ ਗ੍ਰਾਂਟ ਫੰਡਿੰਗ ਲਈ ਕੁੱਝ ਅਰਜ਼ੀਆਂ ਫਸਟ ਨੇਸ਼ਨਜ਼ ਦੇ ਸਹਿ-ਡਿਜ਼ਾਈਨ ਅਤੇ ਅਗਵਾਈ ਵਾਲੀ ਖੋਜ ਲਈ ਇੱਕ ਅਸਲੀ ਇਰਾਦੇ ਦੀ ਬਜਾਏ ਫੰਡਿੰਗ ਵਿਚਾਰਾਂ ਦੁਆਰਾ ਸੰਚਾਲਿਤ ਹੋ ਸਕਦੀਆਂ ਹਨ। ਇਸ ਲਈ ਸਰਕਾਰ ਦੁਆਰਾ ਨਿਯੰਤਰਿਤ ਗ੍ਰਾਂਟ ਫੰਡਿੰਗ ਨੂੰ ਇਹ ਕਰਨਾ ਚਾਹੀਦਾ ਹੈ:

- ਫਸਟ ਨੇਸ਼ਨਜ਼ ਭਾਈਚਾਰਿਆਂ, ਸੰਸਥਾਵਾਂ ਅਤੇ ਲੋਕਾਂ ਵਿੱਚ ਫੰਡਿੰਗ ਦੇ ਮੌਕਿਆਂ ਬਾਰੇ ਜਾਗਰੂਕਤਾ ਨੂੰ ਉਤਸ਼ਾਹਿਤ ਕਰਨਾ
- ਫਸਟ ਨੇਸ਼ਨਜ਼ ਦੇ ਬਿਨੈਕਾਰਾਂ ਨੂੰ ਬਿਨੈ ਕਰਨ ਲਈ ਸ਼ਾਮਲ ਅਤੇ ਉਤਸ਼ਾਹਿਤ ਕਰਨਾ
- ਫਸਟ ਨੇਸ਼ਨਜ਼ ਦੇ ਵਿਗਿਆਨੀਆਂ ਅਤੇ ਖੋਜ ਬਿਨੈਕਾਰਾਂ ਨੂੰ ਤਰਜੀਹ ਦੇਣਾ।

ਇਹ ਇਸ ਲਈ ਹੈ ਕਿਉਂਕਿ ਇਹ ਬਿਨੈਕਾਰ ਉਹਨਾਂ ਭਾਈਚਾਰਿਆਂ ਨਾਲ ਸਭ ਤੋਂ ਵੱਧ ਨੇੜਿਓਂ ਜੁੜੇ ਹੋਏ ਹਨ ਜੋ ਉਹਨਾਂ ਦੇ ਖੋਜ ਪ੍ਰਭਾਵਾਂ ਨੂੰ ਪ੍ਰਭਾਵਿਤ ਕਰਦੇ ਹਨ। ਉਹ ਸਥਾਨਕ ਤਰਜੀਹਾਂ, ਲੋੜਾਂ ਅਤੇ ਖੋਜ ਸੰਵੇਦਨਸ਼ੀਲਤਾ ਨੂੰ ਵੀ ਬਿਹਤਰ ਸਮਝਦੇ ਹਨ।

ਫਸਟ ਨੇਸ਼ਨਜ਼ ਖੋਜਕਰਤਾਵਾਂ ਅਤੇ ਭਾਈਚਾਰਿਆਂ ਦਾ ਸਮਰਥਨ ਕਰਨਾ ਸਾਰਥਕ ਸਹਿਯੋਗ ਲਈ ਪ੍ਰਮੁੱਖ ਹੈ। ਗ਼ੈਰ-ਫਸਟ ਨੇਸ਼ਨਜ਼ ਖੋਜਕਰਤਾਵਾਂ ਨੂੰ ਉਹਨਾਂ ਦੀ ਸਿਖਲਾਈ ਅਤੇ ਗਿਆਨ ਦੀਆਂ ਸੀਮਾਵਾਂ ਬਾਰੇ ਜਾਗਰੂਕਤਾ ਹੋਣ ਨਾਲ ਫਸਟ ਨੇਸ਼ਨਜ਼ ਦੇ ਭਾਈਚਾਰਿਆਂ ਨਾਲ ਸਾਂਝੇਦਾਰੀ ਲਈ ਪਹੁੰਚ ਕਰਨੀ ਚਾਹੀਦੀ ਹੈ।

ਫਸਟ ਨੇਸ਼ਨਜ਼ ਦੇ ਗਿਆਨ ਦਾ ਵਸਤੂਕਰਨ ਜਾਂ ਵਸਤੂਕਰਨ ਕੀਤਾ ਜਾਂਦਾ ਸਮਝਣ ਤੋਂ ਬਚਣ ਲਈ, IP ਆਸਟ੍ਰੇਲੀਆ ਨੇ ਫਸਟ ਨੇਸ਼ਨਜ਼ ਗਿਆਨ ਨਾਲ ਸੰਬੰਧਿਤ ਬੌਧਿਕ ਸੰਪਤੀ ਦੀ ਸੁਰੱਖਿਆ 'ਤੇ ਕੰਮ ਕੀਤਾ ਹੈ। ਸਮਕਾਲੀ ਵਿਗਿਆਨ ਅਤੇ ਖੋਜ ਵਿਧੀਆਂ ਅਤੇ ਫਸਟ ਨੇਸ਼ਨਜ਼ ਦੀਆਂ ਗਿਆਨ ਪ੍ਰਣਾਲੀਆਂ ਵਿਚਕਾਰ ਸਾਂਝਾਂ ਨੂੰ ਡੂੰਘਾ ਕਰਨਾ ਇਸ ਕੰਮ ਉੱਪਰ ਨਿਰਮਾਣ ਹੋਣਾ ਚਾਹੀਦਾ ਹੈ। ਇਸ ਵਿੱਚ ਆਸਟ੍ਰੇਲੀਆ ਦੀ ਬੌਧਿਕ ਸੰਪਤੀ ਪ੍ਰਣਾਲੀ ਵਿੱਚ ਸੰਭਾਵੀ ਤਬਦੀਲੀਆਂ ਨੂੰ ਦੇਖਣਾ ਸ਼ਾਮਲ ਹੈ, ਜਿਸ ਵਿੱਚ ਉਸ ਗਿਆਨ ਦੀ ਸੁਰੱਖਿਆ ਲਈ ਇਕੱਲੇ ਕਾਨੂੰਨ ਦਾ ਵਿਕਾਸ ਕਰਨਾ, ਫਸਟ ਨੇਸ਼ਨਜ਼ ਦੇ ਭਾਈਚਾਰਿਆਂ ਨੂੰ ਇਹ ਨਿਰਧਾਰਤ ਕਰਨ ਦੇਣਾ ਸ਼ਾਮਲ ਹੈ ਕਿ ਕੌਣ ਫਸਟ ਨੇਸ਼ਨਜ਼ ਦੇ ਗਿਆਨ ਦੀ ਵਰਤੋਂ ਕਰ ਸਕਦਾ ਹੈ।[40]

[40] ਬੌਧਿਕ ਸੰਪਤੀ ਆਸਟ੍ਰੇਲੀਆ। (4 ਜੁਲਾਈ 2023)। *ਸਵਦੇਸ਼ੀ ਗਿਆਨ ਦੀ ਰੱਖਿਆ ਅਤੇ ਵਪਾਰੀਕਰਨ ਲਈ ਇਕੱਲੇ ਕਾਨੂੰਨ 'ਤੇ ਧਿਆਨ ਕੇਂਦਰਿਤ ਕਰਦਾ ਅਧਿਐਨ।* ਆਸਟ੍ਰੇਲੀਆਈ ਸਰਕਾਰ। https://www.ipaustralia.gov.au/tools-and-research/professional-resources/data-research-and-reports/publications-and-reports/2023/07/03/05/26/scoping-study-on-standalone-ik-legislation

**ਆਸਟ੍ਰੇਲੀਆਈ ਸਰਕਾਰ ਨੂੰ STEM ਦੇ ਸਾਰੇ ਖੇਤਰਾਂ ਵਿੱਚ ਵਿਭਿੰਨਤਾ ਦੇ ਰਾਸ਼ਟਰੀ ਪ੍ਰੋਫਾਈਲ ਨੂੰ ਵਧਾਉਣਾ ਚਾਹੀਦਾ ਹੈ, ਖ਼ਾਸ ਤੌਰ 'ਤੇ ਆਸਟ੍ਰੇਲੀਆਈ ਮੀਡੀਆ ਵਿੱਚ ਨੁਮਾਇੰਦਗੀ ਦੁਆਰਾ।**

**ਸਿਫ਼ਾਰਸ਼ 11**

ਇਹ ਪੈਨਲ ਆਸਟ੍ਰੇਲੀਆਈ ਸਰਕਾਰ ਨੂੰ STEM ਵਿੱਚ ਵਿਭਿੰਨਤਾ ਦੀ ਜਾਗਰੂਕਤਾ, ਦਿੱਖ ਅਤੇ ਮਹੱਤਤਾ ਨੂੰ ਵਧਾਉਣ ਲਈ ਇੱਕ ਸੰਚਾਰ ਅਤੇ ਆਊਟਰੀਚ ਰਣਨੀਤੀ ਵਿਕਸਿਤ ਕਰਨ ਦੀ ਸਿਫ਼ਾਰਸ਼ ਕਰਦਾ ਹੈ। ਇਸਨੂੰ STEM ਵਿੱਚ ਕੈਰੀਅਰ ਲਈ ਮੌਕਿਆਂ ਅਤੇ ਸੰਭਾਵਨਾਵਾਂ 'ਤੇ ਜ਼ੋਰ ਦੇਣਾ ਚਾਹੀਦਾ ਹੈ ।

## *ਇਸ ਸਿਫ਼ਾਰਸ਼ ਲਈ ਮੁੱਖ ਨੁਕਤੇ*

ਇਸ ਰਣਨੀਤੀ ਨੂੰ ਅਸਲੀ, ਭਰੋਸੇਮੰਦ ਸਰੋਤਾਂ ਦੁਆਰਾ STEM, STEM ਸਿੱਖਿਆ ਅਤੇ STEM ਕੈਰੀਅਰਾਂ ਬਾਰੇ ਵਿਆਪਕ ਭਾਈਚਾਰਕ ਧਾਰਨਾਵਾਂ ਨੂੰ ਬਦਲਣ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।

ਇਸਨੂੰ:

- ਵੱਖ-ਵੱਖ ਸਮੂਹਾਂ, ਸੈਕਟਰਾਂ ਅਤੇ ਸਥਾਨਾਂ ਲਈ ਪਹਿਲਕਦਮੀਆਂ ਨੂੰ ਤਿਆਰ ਕਰਨਾ ਚਾਹੀਦਾ ਹੈ
- ਮੁੱਖ ਸਮੂਹਾਂ ਤੱਕ ਪਹੁੰਚਣ ਦੇ ਨਵੀਨਤਾਕਾਰੀ ਤਰੀਕਿਆਂ ਦੀ ਪਛਾਣ ਕਰਨੀ ਚਾਹੀਦੀ ਹੈ ਜਿਸ ਵਿੱਚ ਬੱਚੇ, ਨੌਜਵਾਨ, ਉਨ੍ਹਾਂ ਦੇ ਮਾਤਾ-ਪਿਤਾ ਅਤੇ ਦੇਖਭਾਲ ਕਰਨ ਵਾਲੇ, ਕੈਰੀਅਰ ਬਦਲਣ ਬਾਰੇ ਵਿਚਾਰ ਕਰ ਰਹੇ ਲੋਕ, ਅਤੇ ਸਕੂਲੀ ਸਿੱਖਿਆ ਅਤੇ ਉੱਚ ਸਿੱਖਿਆ ਦੁਆਰਾ ਮੁੱਖ ਤਬਦੀਲੀ ਬਿੰਦੂਆਂ ਤੱਕ ਪਹੁੰਚਣ ਵਾਲੇ ਲੋਕ ਸ਼ਾਮਲ ਹਨ
- ਸੰਸਥਾਵਾਂ ਅਤੇ ਆਸਟ੍ਰੇਲੀਆ ਦੀ ਆਰਥਿਕਤਾ ਲਈ STEM ਵਿੱਚ ਵਿਭਿੰਨਤਾ ਦੇ ਲਾਭਾਂ ਨੂੰ ਉਜਾਗਰ ਕਰਦੇ ਹੋਏ, ਵਿਭਿੰਨਤਾ ਨੁਮਾਇੰਦਿਆਂ ਨੂੰ ਵਰਤਣਾ ਅਤੇ ਸ਼ਾਮਲ ਕਰਨਾ ਚਾਹੀਦਾ ਹੈ
- STEM ਹੁਨਰਾਂ ਦੀ ਵਿਆਕਪਤਾ, STEM ਸੈਕਟਰਾਂ ਵਿੱਚ ਨੌਕਰੀਆਂ ਦੀਆਂ ਕਿਸਮਾਂ ਅਤੇ ਉਪਲਬਧ ਮਾਰਗਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇੱਕ ਰਾਸ਼ਟਰੀ, ਮਾਪਣਯੋਗ ਮੀਡੀਆ ਮੁਹਿੰਮ ਸ਼ਾਮਲ ਕਰਨੀ ਚਾਹੀਦੀ ਹੈ
- ਆਸਟ੍ਰੇਲੀਆਈ ਸਰਕਾਰ ਦੇ ਮੌਜੂਦਾ ਪ੍ਰੋਗਰਾਮਾਂ ਅਤੇ ਪਲੇਟਫਾਰਮਾਂ ਜਿਵੇਂ ਕਿ ਇੰਸਪਾਇਰਿੰਗ ਆਸਟ੍ਰੇਲੀਆ ਪ੍ਰੋਗਰਾਮ ਦੀ ਵਰਤੋਂ ਕਰਨੀ ਚਾਹੀਦੀ ਹੈ। ਉਦਾਹਰਨ ਲਈ:
  - ਮਾਪਿਆਂ/ਸੰਭਾਲਕਰਤਾਵਾਂ ਅਤੇ ਨੌਜਵਾਨਾਂ ਲਈ STEM ਅਤੇ STEM ਮਾਰਗਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ, ਜੋ ਤੁਹਾਡੇ ਕੈਰੀਅਰ ਪਲੇਟਫਾਰਮ ਟੂਲਜ਼ ਅਤੇ ਨੈਸ਼ਨਲ ਕੈਰੀਅਰਜ਼ ਇੰਸਟੀਚਿਊਟ ਸਰੋਤਾਂ ਦਾ ਲਾਭ ਉਠਾ ਸਕਦਾ ਹੈ।
  - ਕਮਿਊਨਿਟੀ ਆਊਟਰੀਚ ਪ੍ਰੋਗਰਾਮਾਂ ਅਤੇ ਸੰਸਥਾਵਾਂ ਜਿਵੇਂ ਕਿ ਬਹੁ-ਸੱਭਿਆਚਾਰਕ ਸਹਾਇਤਾ ਸੇਵਾਵਾਂ ਰਾਹੀਂ ਵਿਭਿੰਨ ਸਮੂਹਾਂ ਤੱਕ ਪਹੁੰਚਣਾ ਚਾਹੀਦਾ ਹੈ
  - ਰਿਜ਼ਨਲ ਡਿਵੈਲਪਮੈਂਟ ਆਸਟ੍ਰੇਲੀਆ ਅਤੇ ਕੁਏਸਟਾਕਨ ਦੇ ਨਾਲ ਕੰਮ ਕਰਕੇ ਦੂਰ-ਦੁਰਾਡੇ ਅਤੇ ਪੇਂਡੂ ਖੇਤਰਾਂ ਵਿੱਚ ਆਊਟਰੀਚ ਨੂੰ ਅਨੁਕੂਲ ਬਣਾਉਣਾ ਚਾਹੀਦਾ ਹੈ।
  - ਹੋਰ ਵਿਭਿੰਨਤਾ ਸਮੂਹਾਂ ਨੂੰ ਨਿਸ਼ਾਨਾ ਬਣਾਉਣ ਲਈ ਲਿੰਗ ਵਿਭਿੰਨਤਾ ਪ੍ਰੋਗਰਾਮਾਂ ਵਿੱਚ ਵਿਕਸਤ ਸਰੋਤਾਂ ਅਤੇ ਪਹੁੰਚਾਂ ਨੂੰ ਅੱਗੇ ਵਧਾਉਣਾ ਚਾਹੀਦਾ ਹੈ
- STEM ਸਿੱਖਿਆ ਅਤੇ ਕੈਰੀਅਰ ਦੇ ਮੌਕਿਆਂ ਨੂੰ ਉਤਸ਼ਾਹਿਤ ਕਰਨ ਲਈ ਉਦਯੋਗ, ਪੀਕ ਬਾਡੀਜ਼, ਯੂਨੀਵਰਸਿਟੀ ਪੱਧਰ ਦੀਆਂ ਸੰਸਥਾਵਾਂ ਅਤੇ ਸਕੂਲਾਂ ਨਾਲ ਸਾਂਝੇਦਾਰੀ ਕਰਨ ਦੇ ਮੌਕੇ ਲੱਭਣੇ ਚਾਹੀਦੇ ਹਨ
- ਬਾਲਗਾਂ ਲਈ STEM ਕਾਰਜਬਲ ਵਿੱਚ ਹਿੱਸਾ ਲੈਣ ਲਈ ਮੁੜ-ਹੁਨਰਮੰਦ ਅਤੇ ਉੱਚ-ਹੁਨਰਮੰਦ ਦੇ ਮੌਕਿਆਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ
- STEM ਦੀਆਂ ਧਾਰਨਾਵਾਂ ਅਤੇ ਵਿਭਿੰਨ ਵਿਗਿਆਨਕ ਗਿਆਨ ਪ੍ਰਣਾਲੀਆਂ ਦੇ ਮਹੱਤਵ ਨੂੰ ਵਿਸ਼ਾਲ ਕਰਨਾ ਚਾਹੀਦਾ ਹੈ, ਜਿਸ ਵਿੱਚ ਫਸਟ ਨੇਸ਼ਨਜ਼ ਗਿਆਨ ਦੀ ਭੂਮਿਕਾ ਅਤੇ ਮਾਣ ਸ਼ਾਮਲ ਹਨ

## *ਅਸੀਂ ਇਸਦੀ ਸਿਫ਼ਾਰਸ਼ ਕਿਉਂ ਕਰਦੇ ਹਾਂ*

STEM ਕੀ ਹੈ, STEM ਦੀਆਂ ਨੌਕਰੀਆਂ ਕੀ ਹਨ, ਅਤੇ ਉਹਨਾਂ ਵਿੱਚ ਕੌਣ ਕੰਮ ਕਰਦਾ ਹੈ, ਇਸ ਬਾਰੇ ਨਜ਼ਰੀਏ ਅਤੇ ਰੂੜ੍ਹੀਵਾਦੀ ਧਾਰਨਾਵਾਂ ਸ਼ੁਰੂਆਤੀ ਜੀਵਨ ਵਿੱਚ ਬਣ ਜਾਂਦੀਆਂ ਹਨ। OECD ਦੇਸ਼ਾਂ ਵਿੱਚ ਹੋਏ ਸਰਵੇਖਣਾਂ ਵਿੱਚ ਪਾਇਆ ਗਿਆ ਹੈ ਕਿ ਵਿਦਿਆਰਥੀ STEM ਵਿੱਚ ਲੋਕਾਂ ਨੂੰ 'ਅਸੁਵਿਧਾਜਨਕ ਮਾਹੌਲ ਵਿੱਚ ਬੋਰਿੰਗ, ਰੁਚੀ ਰਹਿਤ ਕੰਮ, ਦੂਜੇ ਲੋਕਾਂ ਤੋਂ ਕੱਟੇ ਹੋਏ' ਦੇ ਰੂਪ ਵਿੱਚ ਦੇਖਦੇ ਹਨ।[41]

ਇਸ ਸਮੀਖਿਆ ਵਿੱਚ ਯੋਗਦਾਨ ਪਾਉਣ ਵਾਲਿਆਂ ਨੇ ਉਜਾਗਰ ਕੀਤਾ ਕਿ 'ਤੁਸੀਂ ਉਹ ਨਹੀਂ ਹੋ ਸਕਦੇ ਜੋ ਤੁਸੀਂ ਨਹੀਂ ਦੇਖ ਸਕਦੇ'। ਆਸਟ੍ਰੇਲੀਆ ਭਰ ਦੇ ਨੌਜਵਾਨ STEM ਵਿੱਚ ਦਿਲਚਸਪੀ ਰੱਖਦੇ ਹਨ ਪਰ ਹੋ ਸਕਦਾ ਹੈ ਕਿ ਉਹ ਆਪਣਾ ਕੈਰੀਅਰ ਬਣਾਉਣ ਤੋਂ ਝਿਜਕਦੇ ਹੋਣ ਕਿਉਂਕਿ ਉਹਨਾਂ ਕੋਲ ਉਹਨਾਂ ਦਾ ਸਮਰਥਨ ਕਰਨ ਲਈ ਰੋਲ ਮਾਡਲ ਨਹੀਂ ਹਨ। STEM ਸਿੱਖਿਆ ਅਤੇ ਨੌਕਰੀਆਂ ਵਿੱਚ ਵਿਭਿੰਨਤਾ ਨੂੰ ਕਿਵੇਂ ਦਰਸਾਇਆ ਜਾਂਦਾ ਹੈ, ਇਹ STEM ਵਿੱਚ ਪੜ੍ਹਾਈ ਕਰਨ ਜਾਂ ਕੈਰੀਅਰ ਨੂੰ ਅੱਗੇ ਵਧਾਉਣ ਦੇ ਵਿਕਲਪਾਂ 'ਤੇ ਪ੍ਰਭਾਵ ਪਾਉਂਦਾ ਹੈ।[42]

ਆਸਟ੍ਰੇਲੀਆਈ ਸਰਕਾਰ ਲੋਕਾਂ ਨਾਲ ਜੁੜਨ ਲਈ ਮੌਜੂਦਾ ਅਤੇ ਨਵੇਂ ਪਲੇਟਫਾਰਮਾਂ ਦੀ ਵਰਤੋਂ ਕਰਕੇ ਧਾਰਨਾਵਾਂ ਨੂੰ ਆਕਾਰ ਦੇਣ ਵਿੱਚ ਮੋਹਰੀ ਭੂਮਿਕਾ ਨਿਭਾ ਸਕਦੀ ਹੈ। ਸਲਾਹਕਾਰ ਕੌਂਸਲ ਨੂੰ ਪੀਕ ਬਾਡੀਜ਼, ਮੀਡੀਆ ਸੰਸਥਾਵਾਂ ਅਤੇ ਸਿੱਖਿਆ ਸੰਸਥਾਵਾਂ ਨਾਲ ਮਿਲਕੇ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਵਿਭਿੰਨਤਾ ਭਰੀ ਨੁਮਾਇੰਦਗੀ ਦੇ ਮਹੱਤਵ ਨੂੰ ਸਮਝਦੇ ਹਨ ਅਤੇ STEM ਦੀਆਂ ਧਾਰਨਾਵਾਂ ਨੂੰ ਬਦਲਣ ਲਈ ਮੌਜੂਦਾ ਯਤਨਾਂ 'ਤੇ ਅੱਗੇ ਵੱਧਦੇ ਹਨ।

ਖੋਜ ਦਰਸਾਉਂਦੀ ਹੈ ਕਿ ਬਹੁਤ ਸਾਰੇ ਬੱਚਿਆਂ ਦੇ ਕੈਰੀਅਰ ਬਾਰੇ ਵਿਚਾਰ ਪ੍ਰਾਇਮਰੀ ਸਕੂਲ ਖ਼ਤਮ ਹੋਣ ਤੋਂ ਪਹਿਲਾਂ ਹੀ ਮੌਜੂਦ ਹੁੰਦੇ ਹਨ। ਇਸ ਲਈ, ਕੈਰੀਅਰ ਦੀ ਜਾਣਕਾਰੀ ਅਤੇ ਸਿੱਖਿਆ ਪ੍ਰੋਗਰਾਮਾਂ ਨੂੰ 9ਵੀਂ ਅਤੇ 10ਵੀਂ ਜਮਾਤ ਤੋਂ ਪਹਿਲਾਂ ਸ਼ੁਰੂ ਕਰਨ ਦੀ ਲੋੜ ਹੈ।

ਮੀਡੀਆ, ਮਾਪੇ ਅਤੇ ਪਰਿਵਾਰ, ਜੋ STEM ਦੇ ਆਲੇ-ਦੁਆਲੇ ਧਾਰਨਾਵਾਂ ਅਤੇ ਭੇਦਭਾਵ ਦੇ ਮੁੱਖ ਪ੍ਰਭਾਵਕ ਹਨ, STEM ਵਿੱਚ ਪੜ੍ਹਾਈ ਕਰਨ ਜਾਂ ਕੰਮ ਕਰਨ ਲਈ ਬੱਚਿਆਂ ਅਤੇ ਪਰਿਵਾਰਕ ਮੈਂਬਰਾਂ ਨੂੰ ਸਕਾਰਾਤਮਕ ਤੌਰ 'ਤੇ ਪ੍ਰਭਾਵਿਤ ਕਰ ਸਕਦੇ ਹਨ। ਸੰਚਾਰ ਅਤੇ ਆਊਟਰੀਚ ਰਣਨੀਤੀ ਨੂੰ ਇਸ ਲਈ ਭੇਦਭਾਵਾਂ, ਮਿੱਥਾਂ ਅਤੇ ਧਾਰਨਾਵਾਂ ਦੀ ਪਛਾਣ ਕਰਨੀ ਚਾਹੀਦੀ ਹੈ ਜੋ ਵਿਅਕਤੀ, ਮਾਪੇ ਅਤੇ ਸਿੱਖਿਅਕ ਆਸਟ੍ਰੇਲੀਆ ਵਿੱਚ STEM ਹੁਨਰ, ਕੈਰੀਅਰ ਅਤੇ ਸਿੱਖਿਆ ਬਾਰੇ ਰੱਖਦੇ ਹਨ। ਇਸਨੂੰ ਇਹਨਾਂ ਬਾਰੇ ਬੱਚਿਆਂ ਅਤੇ ਨੌਜਵਾਨਾਂ, ਅਤੇ ਉਹਨਾਂ ਦੇ ਕੈਰੀਅਰ ਅਤੇ ਵਿਸ਼ੇ ਦੀਆਂ ਚੋਣਾਂ ਵਿੱਚ ਪ੍ਰਭਾਵ ਰੱਖਣ ਵਾਲੇ ਲੋਕਾਂ ਨੂੰ ਸਿੱਖਿਅਤ ਕਰਨ ਦੇ ਨਵੀਨਤਾਕਾਰੀ ਤਰੀਕੇ ਲੱਭਣੇ ਚਾਹੀਦੇ ਹਨ:

- ਮਾਰਗਾਂ ਅਤੇ ਮੌਕਿਆਂ ਬਾਰੇ
- ਉਦਯੋਗ ਅਤੇ ਉੱਚ ਸਿੱਖਿਆ ਪ੍ਰਦਾਤਾ ਨੈੱਟਵਰਕਾਂ ਬਾਰੇ
- STEM ਕਹਾਣੀਆਂ ਅਤੇ ਉਦਾਹਰਨਾਂ ਵਿੱਚ ਵਿਭਿੰਨਤਾ ਦੇ ਸੰਬੰਧ ਬਾਰੇ।

STEM ਵਿੱਚ ਪ੍ਰਾਪਤੀ ਲਈ ਪੁਰਸਕਾਰ ਅਤੇ ਮਾਨਤਾ ਇਹਨਾਂ ਦੁਆਰਾ ਵਿਭਿੰਨਤਾ ਨੂੰ ਪ੍ਰਦਰਸ਼ਿਤ ਕਰਨ ਦਾ ਇੱਕ ਹੋਰ ਮੌਕਾ ਹੈ:

- ਵਿਭਿੰਨ ਪਿਛੋਕੜ ਵਾਲੇ ਲੋਕਾਂ ਦੁਆਰਾ STEM ਵਿੱਚ ਪ੍ਰਾਪਤੀਆਂ ਨੂੰ ਮਾਨਤਾ ਦੇ ਕੇ
- STEM ਸਿੱਖਿਆ ਅਤੇ ਕੈਰੀਅਰ ਦੇ ਵਿਕਲਪਕ ਮਾਰਗਾਂ ਤੋਂ ਲੋਕਾਂ ਨੂੰ ਸ਼ਾਮਲ ਕਰਨ ਲਈ ਉਸ ਸਮੂਹ ਦਾ ਵਿਸਥਾਰ ਕਰਕੇ ਜਿੱਥੋਂ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਨੂੰ ਲਿਆ ਜਾਂਦਾ ਹੈ
- ਪੁਰਸਕਾਰਾਂ ਨੂੰ ਵਿਭਿੰਨ ਲੋਕਾਂ ਦੇ ਨਾਮ ਦੇ ਕੇ।

ਸੰਚਾਰ ਅਤੇ ਆਊਟਰੀਚ ਗਤੀਵਿਧੀਆਂ ਨੂੰ ਡਿਜ਼ਾਈਨ ਕਰਨ ਦੇ ਮੁੱਖ ਸਿਧਾਂਤਾਂ ਵਿੱਚ ਸ਼ਾਮਲ ਹਨ:

- ਇਸ ਗੱਲ ਦੀ ਸਮਝ ਦੇ ਅਧਾਰ 'ਤੇ ਸੁਨੇਹੇ ਅਤੇ ਚੈਨਲਾਂ ਵਿੱਚ ਫੇਰਬਦਲ ਕਰਨਾ ਕਿ ਲੋਕਾਂ ਦੇ ਵੱਖ-ਵੱਖ ਸਮੂਹਾਂ (ਉਦਾਹਰਨ ਵਜੋਂ, ਉਹਨਾਂ ਦੇ ਭਰੋਸੇਯੋਗ ਸਰੋਤ, ਸਥਾਨ ਅਤੇ ਇੱਛਾਵਾਂ) ਦੁਆਰਾ ਲਏ ਗਏ ਫ਼ੈਸਲਿਆਂ ਨੂੰ ਕੀ ਪ੍ਰਭਾਵਿਤ ਕਰਦਾ ਹੈ

---

[41] ਲੁਓ, ਟੀ., ਸੋ, ਡਬਲਯੂ., ਵਾਨ, ਜ਼ੈੱਡ.ਐੱਚ, ਲੀ, ਡਬਲਯੂ.ਸੀ. (2021)। STEM ਰੂੜ੍ਹੀਵਾਦੀ ਧਾਰਨਾਵਾਂ ਵਿਦਿਆਰਥੀ ਦੀ STEM ਕੈਰੀਅਰ ਵਿੱਚ ਦਿਲਚਸਪੀ ਦੀ ਸਵੈ-ਪ੍ਰਭਾਵਸ਼ੀਲਤਾ ਅਤੇ ਨਤੀਜਿਆਂ ਦੀਆਂ ਉਮੀਦਾਂ ਦੁਆਰਾ ਭਵਿੱਖਬਾਣੀ ਕਰਦੀਆਂ ਹਨ। *STEM ਸਿੱਖਿਆ ਦਾ ਅੰਤਰਰਾਸ਼ਟਰੀ ਜਰਨਲ* / 36(8) https://stemeducationjournal.springeropen.com/articles/10.1186/s40594-021-00295-y

[42] ਆਸਟ੍ਰੇਲੀਅਨ ਕੰਪਿਊਟਰ ਸੋਸਾਇਟੀ, ਇੰਜੀਨੀਅਰਜ਼ ਆਸਟ੍ਰੇਲੀਆ, ਡਿਪਾਰਟਮੈਂਟ ਆਫ਼ ਡਿਫੈਂਸ, iSTEM ਕੰ., ਸਿਡਨੀ ਕੁਆਂਟਮ ਅਕੈਡਮੀ, ਯੂਨੀਵਰਸਿਟੀ ਆਫ਼ ਮੈਲਬੋਰਨ, WILD ਫਾਰ STEM, ਅਤੇ ਹੋਰਾਂ ਤੋਂ STEM ਵਿੱਚ ਵਿਭਿੰਨਤਾ ਲਈ ਮਾਰਗ ਦੀ ਸਮੀਖਿਆ ਨੂੰ ਆਈਆਂ ਸਬਮਿਸ਼ਨਾਂ।

- ਲੰਬੇ ਸਮੇਂ ਦੀਆਂ ਪਹੁੰਚਾਂ ਜੋ ਸੱਭਿਆਚਾਰਕ ਤਬਦੀਲੀ ਲਈ ਸਮਾਂ ਦਿੰਦੀਆਂ ਹਨ
- ਵਿਭਿੰਨ STEM ਕੈਰੀਅਰ ਅਤੇ ਸਿੱਖਿਆ ਮਾਰਗਾਂ 'ਤੇ ਧਿਆਨ-ਕੇਂਦਰਿਤ ਕਰਨਾ
- ਰਣਨੀਤੀਆਂ ਦੀ ਸਫ਼ਲਤਾ ਦੀ ਨਿਗਰਾਨੀ ਕਰਨ ਲਈ ਵਿੱਚ ਮੁਲਾਂਕਣ ਨੂੰ ਸ਼ਾਮਲ ਕਰਨਾ।



*ਫ਼ੋਟੋ ਲਈ ਧੰਨਵਾਦ: ਵਾਈਜ਼ਟੈਕ ਗਲੋਬਲ*

# STEM ਵਿੱਚ ਵਿਭਿੰਨਤਾ ਪ੍ਰੋਗਰਾਮ ਦੀ ਰਣਨੀਤੀ

## ਉਦੇਸ਼

*STEM ਵਿੱਚ ਵਿਭਿੰਨਤਾ ਪ੍ਰੋਗਰਾਮ ਦੀ ਰਣਨੀਤੀ* STEM ਵਿੱਚ ਵਿਭਿੰਨਤਾ ਨੂੰ ਵਧਾਉਣ ਲਈ ਪ੍ਰੋਗਰਾਮਾਂ ਨੂੰ ਡਿਜ਼ਾਈਨ ਕਰਨ ਅਤੇ ਪ੍ਰਦਾਨ ਕਰਨ ਲਈ ਇੱਕ ਪਹੁੰਚ ਦੀ ਰੂਪਰੇਖਾ ਦਿੰਦੀ ਹੈ। *STEM ਵਿੱਚ ਵਿਭਿੰਨਤਾ ਦੀ ਸਮੀਖਿਆ ਨੇ* ਆਸਟ੍ਰੇਲੀਆਈ ਸਰਕਾਰ ਦੁਆਰਾ ਫੰਡ ਕੀਤੇ ਮੌਜੂਦਾ ਪ੍ਰੋਗਰਾਮਾਂ ਵਿੱਚ ਰਹਿੰਦੇ ਪਾੜਿਆਂ ਅਤੇ ਦੂਹਰੇਪਨ ਦੀ ਪਛਾਣ ਕੀਤੀ ਹੈ। ਇਸਨੇ STEM ਮਾਰਗਾਂ ਦੇ ਨਾਲ ਹੋਰ ਵਿਭਿੰਨਤਾ ਵਾਲੇ ਲੋਕਾਂ ਨੂੰ ਆਕਰਸ਼ਿਤ ਕਰਨ ਅਤੇ ਬਰਕਰਾਰ ਰੱਖਣ ਲਈ ਭਵਿੱਖ ਦੇ ਪ੍ਰੋਗਰਾਮ ਫੋਕਸ ਅਤੇ ਡਿਜ਼ਾਈਨ ਨੂੰ ਬਿਹਤਰ ਬਣਾਉਣ ਦੇ ਮੌਕਿਆਂ ਦੀ ਵੀ ਪਛਾਣ ਕੀਤੀ ਹੈ।

ਇਸ ਰਣਨੀਤੀ ਵਿੱਚ 3 ਮੁੱਖ ਤੱਤ ਹਨ। ਉਹਨਾਂ ਨੇ ਪ੍ਰਸਤਾਵਿਤ ਸਮਰਪਿਤ ਸਲਾਹਕਾਰ ਕੌਂਸਲ ਅਤੇ ਇਸਦਾ ਸਮਰਥਨ ਕਰਨ ਵਾਲੇ ਵਿਭਾਗ (ਜਿਵੇਂ ਕਿ ਇਸ ਰਿਪੋਰਟ ਦੀਆਂ ਸਿਫ਼ਾਰਸ਼ਾਂ 1 ਅਤੇ 2 ਵਿੱਚ ਦੱਸਿਆ ਗਿਆ ਹੈ) ਨੂੰ ਅੱਗੇ ਵਧਾਉਣ ਲਈ ਇੱਕ ਨੀਂਹ ਰੱਖੀ ਹੈ। ਇਹ ਤੱਤ ਹਨ:

1. STEM ਵਿੱਚ ਵਿਭਿੰਨਤਾ ਨੂੰ ਵਧਾਉਣ ਲਈ ਸਾਰੇ ਪ੍ਰੋਗਰਾਮਾਂ ਵਿੱਚ ਕੰਮ ਕਰਨ ਦੇ ਬੇਹਤਰੀਨ ਤਰੀਕੇ ਵਾਲਾ ਪ੍ਰੋਗਰਾਮ ਡਿਜ਼ਾਈਨ ਸ਼ਾਮਲ ਕਰੋ। ਇਹ ਯਕੀਨੀ ਬਣਾਵੇਗਾ ਕਿ ਉਹ ਪ੍ਰਭਾਵਸ਼ਾਲੀ ਹਨ ਅਤੇ ਲੰਬੇ ਸਮੇਂ ਦੇ ਬਦਲਾਅ ਵੱਲ ਲੈ ਜਾਂਦੇ ਹਨ।
2. ਇਸ ਸਮੀਖਿਆ ਦੇ ਨਤੀਜਿਆਂ ਨੂੰ ਹੱਲ ਕਰਨ ਲਈ STEM ਵਿੱਚ ਔਰਤਾਂ ਪ੍ਰੋਗਰਾਮਾਂ ਦੇ ਮੌਜੂਦਾ ਸੂਟ ਨੂੰ ਬਦਲੋ ਅਤੇ ਇਹ ਯਕੀਨੀ ਬਣਾਓ ਕਿ ਉਹ ਕੰਮ ਕਰਨ ਦੇ ਬੇਹਤਰੀਨ ਤਰੀਕੇ ਵਾਲੇ ਪ੍ਰੋਗਰਾਮ ਡਿਜ਼ਾਈਨ ਨਾਲ ਮੇਲ ਖਾਂਦੇ ਹਨ।
3. ਸਾਰੇ ਘੱਟ-ਨੁਮਾਇੰਦਗੀ ਵਾਲੇ ਸਮੂਹਾਂ ਦੇ ਸਮਰਥਨ ਵਿੱਚ ਅੰਤਰ ਨੂੰ ਭਰਨ ਲਈ ਨਵੇਂ ਪ੍ਰੋਗਰਾਮਾਂ ਨੂੰ ਡਿਜ਼ਾਈਨ ਕਰੋ।

## ਤੱਤ 1: STEM ਪ੍ਰੋਗਰਾਮਾਂ ਵਿੱਚ ਸਾਰੀਆਂ ਵਿਭਿੰਨਤਾਵਾਂ ਵਿੱਚ ਕੰਮ ਕਰਨ ਦੇ ਬੇਹਤਰੀਨ ਤਰੀਕੇ ਵਾਲੇ ਪ੍ਰੋਗਰਾਮ ਡਿਜ਼ਾਈਨ ਨੂੰ ਸ਼ਾਮਲ ਕਰੋ

ਹੇਠਾਂ ਦਿੱਤੀ ਗਾਈਡ *STEM ਵਿੱਚ ਵਿਭਿੰਨਤਾ ਸਮੀਖਿਆ* ਦੁਆਰਾ ਪਛਾਣੇ ਗਏ ਕੰਮ ਕਰਨ ਦੇ ਬੇਹਤਰੀਨ ਤਰੀਕੇ ਵਾਲੇ ਡਿਜ਼ਾਈਨ ਤੱਤਾਂ 'ਤੇ ਅਧਾਰਿਤ ਹੈ। ਉਹ ਯਕੀਨੀ ਬਣਾਉਣਗੇ ਕਿ ਸਰਕਾਰੀ ਪ੍ਰੋਗਰਾਮ ਪ੍ਰਭਾਵ ਪੈਦਾ ਕਰਦੇ ਹਨ ਅਤੇ ਸੰਪੂਰਨ ਤਬਦੀਲੀ ਲਿਆਉਣਗੇ। ਇਹਨਾਂ ਵਿਸ਼ੇਸ਼ਤਾਵਾਂ ਦਾ ਹੇਠਾਂ ਦਿੱਤੇ ਭਾਗਾਂ ਵਿੱਚ ਹੋਰ ਵਿਸਥਾਰ ਕੀਤਾ ਗਿਆ ਹੈ।

### ਲੰਬੇ ਸਮੇਂ ਦੇ (ਲਚਕੀਲੇ) ਫੰਡਿੰਗ ਮਾਡਲ

- ਸਰਕਾਰ ਨਿਰੰਤਰ, ਲੰਬੇ ਸਮੇਂ ਦੇ ਪ੍ਰਭਾਵ ਨੂੰ ਚਲਾਉਣ ਲਈ ਪ੍ਰੋਗਰਾਮਾਂ ਨੂੰ ਲੰਬੇ ਸਮੇਂ ਲਈ ਫੰਡ ਪ੍ਰਦਾਨ ਕਰਦੀ ਹੈ।

### ਸਾਂਝੇਦਾਰੀ ਵਿੱਚ ਪ੍ਰੋਗਰਾਮ ਡਿਜ਼ਾਇਨ ਅਤੇ ਪ੍ਰਦਾਨ ਕਰਨਾ

- ਸਰਕਾਰ ਨਵੇਂ ਪ੍ਰੋਗਰਾਮ ਬਣਾਉਣ ਅਤੇ ਪ੍ਰਭਾਵ ਅਤੇ ਲੰਮੇ ਸਮੇਂ ਦੇ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਭਾਈਚਾਰੇ ਅਤੇ ਉਦਯੋਗ ਦੇ ਹਿੱਸੇਦਾਰਾਂ ਨਾਲ ਸਾਂਝੇਦਾਰੀ ਵਿੱਚ ਕੰਮ ਕਰਦੀ ਹੈ।

### ਗ੍ਰਾਂਟ ਪ੍ਰਕਿਰਿਆਵਾਂ ਦੁਆਰਾ ਵਿਭਿੰਨਤਾ ਨੂੰ ਵਧਾਓ

- ਗ੍ਰਾਂਟ ਪ੍ਰਕਿਰਿਆਵਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਵਿਭਿੰਨ ਪਿਛੋਕੜ ਵਾਲੇ ਬਿਨੈਕਾਰ ਅਤੇ ਤਜਰਬਾ ਫੰਡਿੰਗ ਲਈ ਪ੍ਰਤੀਯੋਗੀ ਹੋ ਸਕਦਾ ਹੈ।

### ਡਾਟਾ ਸੰਗ੍ਰਹਿ ਨੂੰ ਵਧਾਓ

- ਸਾਰੇ ਪ੍ਰੋਗਰਾਮਾਂ ਵਿੱਚ ਆਸਾਨੀ ਨਾਲ ਪ੍ਰਭਾਵ ਨੂੰ ਮਾਪਣ ਲਈ ਸਾਰੇ ਪ੍ਰੋਗਰਾਮਾਂ ਵਿੱਚ ਡਾਟਾ ਇਕੱਠਾ ਕਰਨਾ ਇਕਸਾਰ ਹੋਣਾ ਚਾਹੀਦਾ ਹੈ। ਪ੍ਰੋਗਰਾਮ ਦੇ ਪ੍ਰਭਾਵ ਨੂੰ ਮਾਪਣ ਲਈ ਲੰਮੇ ਡੇਟਾਸੈਟਾਂ ਨੂੰ ਵਿਕਸਤ ਕਰਨ ਲਈ ਡੇਟਾ ਦੇ ਸੰਗ੍ਰਹਿ ਨੂੰ ਵੀ ਵਿਚਾਰਿਆ ਜਾਣਾ ਚਾਹੀਦਾ ਹੈ।

### ਬਿਹਤਰ ਮੁਲਾਂਕਣ

- ਪ੍ਰੋਗਰਾਮ ਦੇ ਵਿਕਾਸ, ਡੇਟਾ ਇਕੱਤਰ ਕਰਨ ਅਤੇ ਮੁਲਾਂਕਣ ਨੂੰ ਸੂਚਿਤ ਕਰਨ ਲਈ ਇੱਕ ਨਿਗਰਾਨੀ ਅਤੇ ਮੁਲਾਂਕਣ ਫਰੇਮਵਰਕ ਵਿਕਸਤ ਕੀਤਾ ਜਾਣਾ ਚਾਹੀਦਾ ਹੈ, ਜਿਸ ਵਿੱਚ ਸਾਰਣੀਆਂ ਜਾਂ KPI ਸ਼ਾਮਲ ਹਨ। ਇਹ ਲੋੜੀਂਦੇ ਨਤੀਜਿਆਂ ਪ੍ਰਤੀ ਪ੍ਰੋਗਰਾਮ ਦੀ ਸਫ਼ਲਤਾ ਦੀ ਨਿਗਰਾਨੀ ਕਰਨ ਵਿੱਚ ਮੱਦਦ ਕਰੇਗਾ।
- ਮੁਲਾਂਕਣਾਂ ਨੂੰ ਸਭ ਤੋਂ ਵਧੀਆ ਅਭਿਆਸ ਦੇ ਅਨੁਸਾਰ ਪੂਰਾ ਕੀਤਾ ਜਾਣਾ ਚਾਹੀਦਾ ਹੈ, ਜਿਸ ਵਿੱਚ ਉਹ ਮੁਲਾਂਕਣ ਵੀ ਸ਼ਾਮਲ ਹੈ ਜੋ ਪ੍ਰੋਗਰਾਮ ਪ੍ਰਦਾਨ ਕਰਨ ਵਾਲੇ ਭਾਈਵਾਲ ਤੋਂ ਸੁਤੰਤਰ ਹੈ। ਮੁਲਾਂਕਣਾਂ ਨੂੰ ਸਰਵੋਤਮ ਅਭਿਆਸਾਂ ਦਾ ਪ੍ਰਦਰਸ਼ਨ ਕਰਨ, ਕੰਮ ਕਰਨ ਦੇ ਗਿਆਨ ਨੂੰ ਸਾਂਝਾ ਕਰਨ ਅਤੇ ਪ੍ਰਣਾਲੀਗਤ ਤਬਦੀਲੀ ਨੂੰ ਚਲਾਉਣ ਲਈ ਪ੍ਰਕਾਸ਼ਿਤ ਕੀਤਾ ਜਾਣਾ ਚਾਹੀਦਾ ਹੈ।

### ਸਹਿਯੋਗ ਅਤੇ ਸੰਬੰਧ ਬਣਾਉਣਾ

- ਪ੍ਰੋਗਰਾਮਾਂ ਵਿੱਚ ਏਕਤਾ ਵਧਾਉਣ ਅਤੇ ਭਾਈਚਾਰਕ ਦਿਲਚਸਪੀ ਨੂੰ ਵਧਾਉਣ ਲਈ ਰਿਸ਼ਤਾ ਪ੍ਰਬੰਧਨ ਦੀਆਂ ਗਤੀਵਿਧੀਆਂ ਕਰਨ ਲਈ ਸਮਰਥਨ ਮਹੱਤਵਪੂਰਨ ਹੈ।

## ਤੱਤ 2: ਮੁੱਖ ਸਿੱਖਿਆਵਾਂ ਦੇ ਆਧਾਰ 'ਤੇ STEM ਵਿੱਚ ਔਰਤਾਂ ਦੇ ਪ੍ਰੋਗਰਾਮਾਂ ਨੂੰ ਸੋਧੋ

STEM ਵਿੱਚ ਔਰਤਾਂ ਦੇ ਪ੍ਰੋਗਰਾਮਾਂ ਦੇ ਮੌਜੂਦਾ ਸੂਟ ਵਿੱਚ ਤਬਦੀਲੀਆਂ ਕਰਨ ਦੀ ਲੋੜ ਹੈ:

- ਇਸ ਸਮੀਖਿਆ ਦੇ ਨਤੀਜਿਆਂ ਨੂੰ ਹੱਲ ਕਰਨ ਲਈ
- ਇਹ ਯਕੀਨੀ ਬਣਾਉਣ ਲਈ ਕਿ ਉਹ ਸੱਭਿਆਚਾਰਕ ਤਬਦੀਲੀ ਲਿਆ ਰਹੇ ਹਨ ਅਤੇ STEM ਕੈਰੀਅਰ ਦੇ ਰਸਤੇ ਵਿੱਚ ਵਿਭਿੰਨਤਾ ਵਾਲੇ ਸਮੂਹਾਂ ਦਾ ਸਮਰਥਨ ਕਰ ਰਹੇ ਹਨ।

ਮੌਜੂਦਾ ਪ੍ਰੋਗਰਾਮਾਂ ਵਿੱਚ ਕੋਈ ਵੀ ਬਦਲਾਅ ਜਾਂ ਹੋਰ ਨਿਵੇਸ਼ ਮੌਜੂਦਾ ਪ੍ਰੋਗਰਾਮਾਂ ਦੇ ਇਕਰਾਰਨਾਮੇ ਦੀ ਸਮਾਂ-ਸੀਮਾ ਦੇ ਨਾਲ ਇਕਸਾਰ ਪੜਾਵਾਂ ਵਿੱਚ ਹੋਵੇਗਾ। ਇਹ ਹੇਠਾਂ ਚਿੱਤਰ 6 ਵਿੱਚ ਦਿਖਾਇਆ ਗਿਆ ਹੈ।

### ਸਰਕਾਰੀ STEM ਵਿੱਚ ਔਰਤਾਂ ਦੇ ਪ੍ਰੋਗਰਾਮਾਂ ਲਈ ਸਿਫ਼ਾਰਸ਼ ਕੀਤੀਆਂ ਤਬਦੀਲੀਆਂ

| ਪ੍ਰੋਗਰਾਮ | ਸਿਫ਼ਾਰਸ਼ |
|---|---|
| **STEM ਵਿੱਚ ਅੰਬੈਸਡਰ ਵਜੋਂ ਔਰਤਾਂ** | • ਇਸ ਅੰਬੈਸਡਰ ਪ੍ਰੋਗਰਾਮ ਦੇ ਕੰਮ ਨੂੰ ਸਮਰਪਿਤ ਸਲਾਹਕਾਰ ਕੌਂਸਲ ਅਤੇ ਆਸਟ੍ਰੇਲੀਆਈ ਸਰਕਾਰ ਦੇ ਵਿਭਾਗ ਦੇ ਕੰਮ ਦੀ ਨੀਂਹ ਬਣਾਉਣੀ ਚਾਹੀਦੀ ਹੈ ਜੋ ਸਿਫ਼ਾਰਸ਼ 1 ਵਿੱਚ ਪ੍ਰਸਤਾਵਿਤ ਹੈ।<br>• ਸਲਾਹਕਾਰ ਕੌਂਸਲ ਨੂੰ ਇਸ ਅੰਬੈਸਡਰ ਪ੍ਰੋਗਰਾਮ ਦੇ ਵਕਾਲਤ ਕਰਨ ਅਤੇ ਜਾਗਰੂਕਤਾ ਵਧਾਉਣ ਦੇ ਕੰਮ ਨੂੰ ਜਾਰੀ ਰੱਖਣਾ ਚਾਹੀਦਾ ਹੈ ਅਤੇ ਲੋੜੀਂਦੀ ਖੋਜ ਦੀ ਪਛਾਣ ਕਰਨੀ ਚਾਹੀਦੀ ਹੈ। ਇਹ ਸੁਧਾਰਾਂ ਨੂੰ ਲਾਗੂ ਕਰਨ ਅਤੇ ਹੋਰ ਮੌਕਿਆਂ ਬਾਰੇ ਸਰਕਾਰ, ਉਦਯੋਗ, ਸਿੱਖਿਆ ਅਤੇ ਵਿਆਪਕ ਭਾਈਚਾਰੇ ਦੇ ਸੀਨੀਅਰ ਫ਼ੈਸਲੇ ਲੈਣ ਵਾਲਿਆਂ ਨੂੰ ਸਲਾਹ ਦੇਵੇਗਾ।<br>• ਇੱਕ ਅੰਬੈਸਡਰ ਦੇ ਉਲਟ, ਵੱਖ-ਵੱਖ ਵਿਭਿੰਨਤਾ ਵਾਲੇ ਸਮੂਹਾਂ ਦੀ ਨੁਮਾਇੰਦਗੀ ਕਰਨ ਵਾਲੇ ਕਈ ਕੌਂਸਲ ਮੈਂਬਰਾਂ ਵਿੱਚ ਇਸ ਕੰਮ ਨੂੰ ਫ਼ੈਲਾਉਣਾ, ਮੁੱਖ ਵਿਅਕਤੀ ਦੀ ਸਮਰੱਥਾ ਦੇ ਜ਼ੋਖਮ ਨੂੰ ਘਟਾ ਸਕਦਾ ਹੈ ਅਤੇ ਸਲਾਹ ਦੇ ਦਾਇਰੇ ਨੂੰ ਵਿਸ਼ਾਲ ਕਰ ਸਕਦਾ ਹੈ।<br>• ਮੌਜੂਦਾ ਖੋਜ, ਲਾਗੂ ਕਰਨ ਅਤੇ ਮੁਲਾਂਕਣ ਸਰੋਤਾਂ ਨੂੰ ਸਰਕਾਰ ਦੁਆਰਾ ਆਯੋਜਿਤ ਕੀਤੇ ਔਨਲਾਈਨ ਸਰੋਤ ਭੰਡਾਰ ਵਿੱਚ ਤਬਦੀਲ ਕਰਨਾ ਚਾਹੀਦਾ ਹੈ।<br>• ਇਸ ਨਵੇਂ ਵਿਸਤ੍ਰਿਤ ਮਾਡਲ ਦੇ ਨਾਲ, ਮੌਜੂਦਾ STEM ਵਿੱਚ ਅੰਬੈਸਡਰ ਵਜੋਂ ਔਰਤਾਂ ਦੇ ਪ੍ਰੋਗਰਾਮ ਨੂੰ ਨਹੀਂ ਵਧਾਇਆ ਜਾਣਾ ਚਾਹੀਦਾ ਹੈ। |
| **ਸਾਇੰਸ ਇਨ ਆਸਟ੍ਰੇਲੀਆ ਜੈਂਡਰ ਇਕੁਇਟੀ (SAGE)** | • ਉੱਚ ਸਿੱਖਿਆ ਅਤੇ ਖੋਜ ਸੰਸਥਾਵਾਂ ਵਿੱਚ ਸੱਭਿਆਚਾਰਕ ਤਬਦੀਲੀ ਨੂੰ ਚਲਾਉਣ ਲਈ ਇੱਕ ਚਿਰਟਿਕਾਊ ਮਾਡਲ ਵਿਕਸਤ ਅਤੇ ਪ੍ਰਦਾਨ ਕਰਨ ਲਈ SAGE ਨੂੰ ਸਮਰਥਨ ਦੇਣ ਲਈ ਹੋਰ ਫੰਡਿੰਗ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। |
| **STEM ਵਿੱਚ ਔਰਤਾਂ ਅਤੇ ਉੱਦਮਤਾ ਗ੍ਰਾਂਟਾਂ** | • ਲੰਬੇ ਸਮੇਂ ਦੇ ਪ੍ਰੋਜੈਕਟਾਂ ਨੂੰ ਫੰਡ ਦੇਣ ਲਈ ਫੰਡਿੰਗ ਮਾਡਲ ਨੂੰ ਬਦਲਿਆ ਜਾਣਾ ਚਾਹੀਦਾ ਹੈ।<br>• ਇਹਨਾਂ ਪ੍ਰੋਜੈਕਟਾਂ ਨੂੰ ਮੁਲਾਂਕਣ ਦੀਆਂ ਜ਼ਰੂਰਤਾਂ ਨੂੰ ਦਿਖਾਉਣਾ ਜਾਰੀ ਰੱਖਣਾ ਚਾਹੀਦਾ ਹੈ ਪਰ ਇਹ ਵੀ ਦਿਖਾਉਣਾ ਚਾਹੀਦਾ ਹੈ ਕਿ ਉਹ ਸਥਾਈ ਅਤੇ/ਜਾਂ ਪ੍ਰਣਾਲੀਗਤ ਤਬਦੀਲੀਆਂ ਨੂੰ ਕਿਵੇਂ ਹੱਲ ਕਰਨਗੇ। |

| ਪ੍ਰੋਗਰਾਮ | ਸਿਫ਼ਾਰਸ਼ |
|---|---|
| | • ਇਹ ਪ੍ਰੋਗਰਾਮ ਨੂੰ ਇਸ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਕਿ ਲੋੜ ਤੋਂ ਵੱਧ ਆਈਆਂ ਗ੍ਰਾਂਟ ਅਰਜ਼ੀਆਂ ਨੂੰ ਅਤੇ ਇਸਨੂੰ ਯੋਗਤਾ ਅਤੇ ਮੁਲਾਂਕਣ ਮਾਪਦੰਡਾਂ ਦੁਆਰਾ ਕਿਵੇਂ ਹੱਲ ਕਰਨਾ ਹੈ। |
| **STEM ਵਿੱਚ ਕੁੜੀਆਂ ਵਾਲੀ ਟੂਲਕਿੱਟ* (GiST)** | • STEM ਹੁਨਰ ਅਤੇ ਵਿਸ਼ਿਆਂ ਨੂੰ ਸਿਖਾਉਣ ਲਈ ਅਧਿਆਪਕਾਂ ਲਈ GiST ਸਰੋਤਾਂ ਨੂੰ ਹੋਰ ਮੌਜੂਦਾ ਸਮਰਥਨਾਂ ਨਾਲ ਬਿਹਤਰ ਢੰਗ ਨਾਲ ਜੋੜਿਆ ਜਾਣਾ ਚਾਹੀਦਾ ਹੈ। ਇਹ ਪਾਠਕ੍ਰਮ ਸਰੋਤਾਂ ਨੂੰ ਸੁਧਾਰਨ ਲਈ ਸਰਕਾਰਾਂ ਵਿੱਚ ਚੱਲ ਰਹੇ ਕੰਮ ਦੇ ਹਿੱਸੇ ਵਜੋਂ ਸ਼ਾਮਲ ਹੈ (ਸਿਫ਼ਾਰਸ਼ 8 ਦੇਖੋ)।<br>• STEM ਸਿੱਖਿਆ ਦੇ ਵੱਖ-ਵੱਖ ਪੜਾਵਾਂ ਦਾ ਸਮਰਥਨ ਕਰਨ ਲਈ, ਜਾਂ STEM ਸਿੱਖਿਆ ਵਿੱਚ ਹੋਰ ਘੱਟ-ਨੁਮਾਇੰਦਗੀ ਵਾਲੇ ਸਮੂਹਾਂ ਦਾ ਸਮਰਥਨ ਕਰਨ ਲਈ GiST ਨੂੰ ਪ੍ਰਭਾਵਸ਼ਾਲੀ ਢੰਗ ਨਾਲ ਅਨੁਕੂਲਿਤ ਕਰਨ ਲਈ ਮੌਕਿਆਂ ਦੀ ਪਛਾਣ ਕੀਤੀ ਜਾਣੀ ਚਾਹੀਦੀ ਹੈ। |
| **ਫ਼ਯੂਚਰ ਯੂ (Future You)** | • ਸਿਫ਼ਾਰਸ਼ 11 ਵਿੱਚ ਪ੍ਰਸਤਾਵਿਤ ਸੰਚਾਰ ਅਤੇ ਆਊਟਰੀਚ ਰਣਨੀਤੀ ਨੂੰ ਪ੍ਰਦਾਨ ਕਰਨ ਵਿੱਚ ਸਲਾਹਕਾਰ ਕੌਂਸਲ ਦੁਆਰਾ ਇਸ ਪ੍ਰੋਗਰਾਮ ਦੇ ਰਾਸ਼ਟਰੀ ਜਾਗਰੂਕਤਾ ਵਧਾਉਣ ਦੇ ਕੰਮ ਨੂੰ ਅੰਜਾਮ ਦਿੱਤਾ ਜਾਣਾ ਚਾਹੀਦਾ ਹੈ।<br>• ਇਸ ਨਵੇਂ ਮਾਡਲ ਦੇ ਨਾਲ, Future You ਨੂੰ ਵਧਾਇਆ ਨਹੀਂ ਜਾਣਾ ਚਾਹੀਦਾ ਹੈ। |
| **STEM ਦੇ ਸੁਪਰਸਟਾਰ (ਸੁਪਰਸਟਾਰ)** | • ਸੁਪਰਸਟਾਰਾਂ ਨੂੰ ਮੀਡੀਆ ਦੀ ਦਿੱਖ ਅਤੇ ਸਮਰੱਥਾ ਦੇ ਨਾਲ-ਨਾਲ ਪੇਸ਼ੇਵਰ ਸੰਚਾਰ ਹੁਨਰਾਂ ਨੂੰ ਵਿਕਸਤ ਕਰਨ 'ਤੇ ਨਿਰੰਤਰ ਫੋਕਸ ਦੇ ਨਾਲ ਇਸਦੇ ਮੌਜੂਦਾ ਰੂਪ ਵਿੱਚ ਜਾਰੀ ਰੱਖਣਾ ਚਾਹੀਦਾ ਹੈ।<br>• ਪ੍ਰੋਗਰਾਮ ਦੇ ਕਿਸੇ ਵੀ ਭਵਿੱਖ ਦੇ ਸਮਾਯੋਜਨ ਨੂੰ ਸੂਚਿਤ ਕਰਨ ਲਈ ਡੇਟਾ ਸੰਗ੍ਰਹਿ ਦੀਆਂ ਸਾਰਣੀਆਂ ਦਾ ਵਿਸਥਾਰ ਕੀਤਾ ਜਾਣਾ ਚਾਹੀਦਾ ਹੈ। ਇਸ ਵਿੱਚ ਇਹ ਸਮਝਣ ਲਈ ਡੇਟਾ ਸ਼ਾਮਲ ਹੋਣਾ ਚਾਹੀਦਾ ਹੈ ਕਿ:<br>- ਕੀ ਸੁਪਰਸਟਾਰ ਤਰੱਕੀਆਂ ਸਮੇਤ, STEM ਕਾਰਜਬਲ ਵਿੱਚ ਰਹਿੰਦੇ ਹਨ<br>- ਸੁਪਰਸਟਾਰਾਂ ਦੇ ਸਕੂਲੀ ਦੌਰਿਆਂ ਦਾ ਪ੍ਰਭਾਵ। |
| **ਐਲੀਵੇਟ: STEM* ਵਿੱਚ ਔਰਤਾਂ ਨੂੰ ਉਤਸ਼ਾਹਿਤ ਕਰਨਾ (ਐਲੀਵੇਟ)** | • ਐਲੀਵੇਟ ਨੂੰ ਵਰਤਮਾਨ ਵਿੱਚ ਨਿਸ਼ਾਨਾ ਬਣਾਏ ਗਏ ਇੰਟਰਸੈਕਸ਼ਨਲ ਸਮੂਹਾਂ ਦੁਆਰਾ ਵਧੇਰੇ ਵਿਭਿੰਨਤਾ ਦਾ ਸਮਰਥਨ ਕਰਨ ਲਈ ਕੰਮ ਜਾਰੀ ਰੱਖਣਾ ਚਾਹੀਦਾ ਹੈ।<br>• ਵਧੇਰੇ ਡੇਟਾ ਦੇ ਅਧੀਨ, ਐਲੀਵੇਟ ਦਾ ਹੋਰ ਸਮੂਹਾਂ ਵਿੱਚ ਵਿਸਤਾਰ ਕੀਤਾ ਜਾ ਸਕਦਾ ਹੈ। |
| **STEM ਬਰਾਬਰਤਾ ਮਾਪਕ** | • STEM ਬਰਾਬਰਤਾ ਮਾਪਕ ਦਾ ਵਿਸਥਾਰ ਇਸ ਤਰ੍ਹਾਂ ਕੀਤਾ ਜਾਣਾ ਚਾਹੀਦਾ ਹੈ:<br>- ਵਿਆਪਕ ਵਿਭਿੰਨਤਾ ਡੇਟਾ ਸ਼ਾਮਲ ਕਰੋ, ਖ਼ਾਸ ਤੌਰ 'ਤੇ STEM ਵਿੱਚ ਭਾਗੀਦਾਰੀ ਅਤੇ ਸ਼ਮੂਲੀਅਤ ਬਾਰੇ:<br>  - ਫਸਟ ਨੇਸ਼ਨਜ਼ ਲੋਕ<br>  - ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ ਲੋਕਾਂ ਦੀ<br>  - ਅਪਾਹਜਤਾ ਵਾਲੇ ਲੋਕਾਂ ਦੀ।<br>- ਇਹ ਦਿਖਾਉਂਦੇ ਲੰਬਕਾਰੀ ਡੇਟਾ ਦੇ ਵਾਧੂ ਸੈੱਟ ਪੈਦਾ (ਜਾਂ ਵਿਕਸਤ) ਕਰੋ: |

| ਪ੍ਰੋਗਰਾਮ | ਸਿਫ਼ਾਰਸ਼ |
|---|---|
| | - ਸਮੇਂ ਦੇ ਨਾਲ ਨਤੀਜੇ<br>- STEM ਕਾਰਜਬਲ ਦੇ ਵਿੱਚ ਦਾਖਲੇ ਅਤੇ ਬਾਹਰ ਨਿੱਕਲਣਾ<br>- ਲੀਡਰਸ਼ਿਪ<br>- ਕੈਰੀਅਰ ਦੀ ਤਰੱਕੀ।<br>- ਜਿੱਥੇ ਸੰਭਵ ਹੋਵੇ, ਲੋਕਾਂ ਦੇ ਕੰਮ ਦੇ ਸਥਾਨਾਂ ਦੇ ਤਜ਼ਰਬਿਆਂ ਦੇ ਸੰਬੰਧ ਵਿੱਚ ਤੰਦਰੁਸਤੀ-ਆਧਾਰਿਤ ਡੇਟਾ ਪੈਦਾ (ਜਾਂ ਵਿਕਸਤ) ਕਰੋ<br>- ਡਾਟਾ ਅਤੇ ਰੁਝਾਨ ਵਿਸ਼ਲੇਸ਼ਣ ਸੇਵਾਵਾਂ ਪ੍ਰਦਾਨ ਕਰੋ। |

ਨੋਟ: ਬਦਲਾਵ ਦੇ ਪੁਰਸ਼ ਚੈਂਪੀਅਨ - STEM ਸਮੂਹ ਪ੍ਰੋਗਰਾਮ ਨੂੰ STEM ਵਿੱਚ ਔਰਤਾਂ ਦੇ ਮੁਲਾਂਕਣ ਵਿੱਚ ਸ਼ਾਮਲ ਕੀਤਾ ਗਿਆ ਸੀ ਜਿਸਨੇ ਇਸ ਸਮੀਖਿਆ ਨੂੰ ਜਾਣਕਾਰੀ ਦਿੱਤੀ ਸੀ। ਆਸਟ੍ਰੇਲੀਆਈ ਸਰਕਾਰ ਦੇ ਉਦਯੋਗ ਵਿਗਿਆਨ ਅਤੇ ਸਰੋਤ ਵਿਭਾਗ ਦੇ ਨਾਲ ਇਕਰਾਰਨਾਮਾ 2019 ਵਿੱਚ ਬੰਦ ਹੋ ਗਿਆ ਸੀ। ਉਦੋਂ ਤੋਂ, ਗ਼ੈਰ-STEM ਸੰਸਥਾਵਾਂ ਨੂੰ ਸ਼ਾਮਲ ਕਰਨ ਲਈ ਪਹਿਲਕਦਮੀ ਦਾ ਵਿਸਥਾਰ ਕੀਤਾ ਗਿਆ ਹੈ ਅਤੇ ਹੁਣ ਇਹ ਚੈਂਪੀਅਨਜ਼ ਆਫ਼ ਚੇਂਜ ਕੋਲੀਸ਼ਨ ਵਜੋਂ ਜਾਣਿਆ ਜਾਂਦਾ ਹੈ, ਅਤੇ ਇਸ ਲਈ ਇਹਨਾਂ ਸਿਫ਼ਾਰਸ਼ਾਂ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ।

# ਤੱਤ 3: ਪਾੜਿਆਂ ਨੂੰ ਦੂਰ ਕਰਨ ਲਈ ਨਵੇਂ ਪ੍ਰੋਗਰਾਮਾਂ ਦਾ ਵਿਕਾਸ ਕਰੋ

ਸਮੀਖਿਆ ਨੇ 3 ਖੇਤਰਾਂ ਦੀ ਪਛਾਣ ਕੀਤੀ ਹੈ ਜੋ ਇੱਕ ਤਰਜੀਹ ਦੇ ਤੌਰ 'ਤੇ ਪ੍ਰੋਗਰਾਮਬੱਧ ਸਹਾਇਤਾ ਤੋਂ ਲਾਭ ਪ੍ਰਾਪਤ ਕਰਨਗੇ। ਸਲਾਹਕਾਰ ਕੌਂਸਲ ਦੁਆਰਾ ਉਹਨਾਂ ਦੀ ਵਧੇਰੇ ਵਿਸਥਾਰ ਨਾਲ ਖੋਜ ਕੀਤੀ ਜਾ ਸਕਦੀ ਹੈ। ਇਹ ਖੇਤਰ ਹਨ:

1. ਫਸਟ ਨੇਸ਼ਨਜ਼ ਦੇ ਲੋਕਾਂ ਦੇ ਗਿਆਨ ਨੂੰ ਉੱਚਾ ਕਰਨਾ
2. STEM ਮਾਰਗ ਦੇ ਨਾਲ ਘੱਟ-ਨੁਮਾਇੰਦਗੀ ਵਾਲੇ ਸਮੂਹਾਂ ਲਈ ਅਨੁਕੂਲਿਤ ਅਤੇ ਆਪਸ ਵਿੱਚ ਜੁੜੇ ਸਮਰਥਨ
3. STEM ਕੈਰੀਅਰ ਦੇ ਅੰਦਰ ਜਾਣ ਅਤੇ ਇਸ ਵਿੱਚ ਉੱਚ-ਹੁਨਰਮੰਦ ਅਤੇ ਮੁੜ-ਹੁਨਰਮੰਦ ਹੋਣਾ

ਹੋਰ ਵਿਚਾਰ ਕਰਨ ਲਈ ਵਧੀਕ ਪਾੜਿਆਂ ਦੀ ਪਛਾਣ ਕੀਤੀ ਗਈ ਹੈ । ਇਹਨਾਂ ਵਿੱਚ ਸ਼ਾਮਲ ਹਨ:

- VET-ਯੋਗਤਾ ਪ੍ਰਾਪਤ ਕਰਮਚਾਰੀਆਂ ਵਿੱਚ ਵਿਭਿੰਨਤਾ ਨੂੰ ਵਧਾਉਣਾ
- STEM ਸਿਖਲਾਈ ਪ੍ਰਾਪਤ ਪ੍ਰਵਾਸੀਆਂ ਨੂੰ ਨੌਕਰੀਆਂ ਨਾਲ ਜੋੜਨਾ
- ਸੁਰੱਖਿਅਤ ਅਤੇ ਵਧੇਰੇ ਸ਼ਮੂਲੀਅਤ ਵਾਲੇ ਬਣਨ ਲਈ ਸੰਸਥਾਵਾਂ ਦਾ ਸਹਿਯੋਗ ਕਰਨਾ
- ਦਿਹਾਤੀ ਅਤੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਪਹੁੰਚ ਵਧਾਉਣਾ (STEM ਪ੍ਰੋਗਰਾਮਾਂ ਤੱਕ ਘੱਟ ਪਹੁੰਚ ਵਾਲੇ ਬਾਹਰੀ ਮਹਾਂਨਗਰੀ ਖੇਤਰਾਂ ਸਮੇਤ)।

ਸਰਕਾਰ ਦੁਆਰਾ ਸਮਰਥਨ ਪ੍ਰਾਪਤ ਸਲਾਹਕਾਰ ਕੌਂਸਲ ਨੂੰ ਮੌਜੂਦਾ ਸਰਕਾਰੀ ਪ੍ਰੋਗਰਾਮ ਦੇ ਭੂ-ਦ੍ਰਿਸ਼ ਦਾ ਹੋਰ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ। ਇਸਨੂੰ ਇਸ ਭਾਗ ਵਿੱਚ ਦੱਸੇ ਗਏ ਨਵੇਂ ਪ੍ਰੋਗਰਾਮਾਂ ਦੇ ਡਿਜ਼ਾਈਨ ਬਾਰੇ ਸਲਾਹ ਦੇਣੀ ਚਾਹੀਦੀ ਹੈ, ਇਹ ਯਕੀਨੀ ਬਣਾਉਣ ਲਈ ਕਿ ਉਹ ਸਰਕਾਰੀ ਜਾਂ ਗ਼ੈਰ-ਸਰਕਾਰੀ ਪ੍ਰੋਗਰਾਮਾਂ ਦੀ ਨਕਲ ਨਹੀਂ ਕਰਦੇ ਹਨ।

## ਪ੍ਰੋਗਰਾਮ ਦੇ ਵਿਕਾਸ ਵਿੱਚ ਹੋਰ ਵਿਚਾਰ ਕਰਨ ਲਈ ਖੇਤਰ

### VET-ਯੋਗਤਾ ਪ੍ਰਾਪਤ STEM ਕਰਮਚਾਰੀਆਂ ਦੀ ਵਿਭਿੰਨਤਾ ਨੂੰ ਵਧਾਓ

STEM VET ਸਿਖਲਾਈ ਕੋਰਸਾਂ ਵਿੱਚ ਵਿਭਿੰਨ ਸਮੂਹਾਂ ਦੀ ਭਾਗੀਦਾਰੀ ਨੂੰ ਵਧਾਉਣ ਲਈ ਇੱਕ ਪ੍ਰੋਗਰਾਮ ਤਿਆਰ ਕੀਤਾ ਜਾ ਸਕਦਾ ਹੈ। ਇਸ ਵਿੱਚ ਹਾਈ ਸਕੂਲ ਵਿੱਚ ਵਿਦਿਆਰਥੀਆਂ ਨੂੰ VET ਦੀ ਪੜ੍ਹਾਈ ਕਰਨ ਵਿੱਚ ਸਹਾਇਤਾ ਕਰਨਾ ਸ਼ਾਮਲ ਹੋ ਸਕਦਾ ਹੈ। ਇਸ ਵਿੱਚ ਫਸਟ ਨੇਸ਼ਨਜ਼ ਦੇ ਲੋਕਾਂ, ਲੜਕੀਆਂ ਅਤੇ ਅਪਾਹਜਤਾ ਵਾਲੇ ਲੋਕਾਂ 'ਤੇ ਖ਼ਾਸ ਧਿਆਨ ਦਿੱਤਾ ਜਾ ਸਕਦਾ ਹੈ।

ਇਹ ਸਮਝਣ ਲਈ ਕਿ ਪ੍ਰੋਗਰਾਮ ਨੂੰ ਸਭ ਤੋਂ ਵਧੀਆ ਤਰੀਕੇ ਨਾਲ ਕਿਵੇਂ ਡਿਜ਼ਾਇਨ ਅਤੇ ਲਾਗੂ ਕਰਨਾ ਹੈ, ਇਸਨੂੰ ਇਹਨਾਂ ਨਾਲ ਸਲਾਹ-ਮਸ਼ਵਰਾ ਕਰਕੇ ਵਿਕਸਤ ਕੀਤਾ ਜਾਵੇਗਾ:

- ਸੰਬੰਧਿਤ ਆਸਟ੍ਰੇਲੀਆਈ ਸਰਕਾਰੀ ਏਜੰਸੀਆਂ ਨਾਲ
- ਵੱਖ-ਵੱਖ ਰਾਜ ਅਤੇ ਕੇਂਦਰੀ ਪ੍ਰਦੇਸ਼ ਦੇ ਵਿਭਾਗਾਂ ਦੇ ਨਾਲ
- ਅਧਿਆਪਕਾਂ ਅਤੇ ਸਕੂਲ ਮੁਖੀਆਂ ਨਾਲ।

### ਆਸਟ੍ਰੇਲੀਆ ਵਿੱਚ ਰੁਜ਼ਗਾਰ ਪ੍ਰਾਪਤ ਕਰਨ ਲਈ STEM ਯੋਗਤਾ ਪ੍ਰਾਪਤ ਪ੍ਰਵਾਸੀਆਂ ਦਾ ਸਮਰਥਨ

ਕਰਮਚਾਰੀਆਂ ਦੀ ਘਾਟ ਵਾਲੇ STEM ਖੇਤਰਾਂ ਵਿੱਚ ਹੁਨਰਮੰਦ ਪ੍ਰਵਾਸੀਆਂ ਨੂੰ ਰੁਜ਼ਗਾਰ ਦੇਣ ਲਈ ਸੰਸਥਾਵਾਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਪ੍ਰੋਗਰਾਮ ਤਿਆਰ ਕੀਤਾ ਜਾ ਸਕਦਾ ਹੈ।

ਇੰਜੀਨੀਅਰਜ਼ ਆਸਟ੍ਰੇਲੀਆ ਇਸ ਚੁਣੌਤੀ ਨੂੰ ਹੱਲ ਕਰਨ ਲਈ ਗਲੋਬਲ ਇੰਜੀਨੀਅਰਿੰਗ ਟੇਲੈਂਟ ਪ੍ਰੋਗਰਾਮ ਨੂੰ ਅਜ਼ਮਾ ਰਿਹਾ ਹੈ। ਇਸ ਵਿੱਚ ਇੱਕ ਇੰਜੀਨੀਅਰਿੰਗ ਫਰਮ ਵਿੱਚ 12-ਹਫ਼ਤੇ ਦੀ ਅਦਾਇਗੀਸ਼ੁਦਾ ਇੰਟਰਨਸ਼ਿਪ ਕਰਨੀ ਸ਼ਾਮਲ ਹੈ, ਜੋ ਪ੍ਰਵਾਸੀ ਇੰਜੀਨੀਅਰਾਂ ਨੂੰ ਸਥਾਨਕ ਅਨੁਭਵ, ਰੈਫ਼ਰੈਂਸ ਅਤੇ ਨੈੱਟਵਰਕ ਪ੍ਰਦਾਨ ਕਰਦੀ ਹੈ। ਇਸ ਅਜ਼ਮਾਇਸ਼ ਦੇ ਨਤੀਜੇ ਇਹ ਦਿਖਾਉਣਗੇ ਕਿ ਕੀ ਇਸ ਪ੍ਰਕਾਰ ਦੀ

ਪ੍ਰੋਗਰਾਮ ਸਹਾਇਤਾ ਸਰਕਾਰ ਦੁਆਰਾ ਕੀਤੇ ਗਏ ਰੈਗੂਲੇਟਰੀ ਅਤੇ ਪ੍ਰਣਾਲੀਗਤ ਤਬਦੀਲੀਆਂ ਦੇ ਪੂਰਕ ਵਜੋਂ ਪ੍ਰਦਾਨ ਕੀਤੀ ਜਾ ਸਕਦੀ ਹੈ।

## STEM ਕਾਰਜ ਸਥਾਨਾਂ ਵਿੱਚ ਸੁਰੱਖਿਆ ਅਤੇ ਭੇਦਭਾਵ

ਇੱਥੇ ਇੱਕ ਅਜਿਹਾ ਪ੍ਰੋਗਰਾਮ ਵਿਕਸਤ ਕਰਨ ਦਾ ਮੌਕਾ ਹੈ ਜੋ ਛੋਟੇ ਕਾਰੋਬਾਰਾਂ ਨੂੰ ਉਹਨਾਂ ਦੀਆਂ ਕਾਰਜ ਸਥਾਨਾਂ ਦੀਆਂ ਰਣਨੀਤੀਆਂ ਦੀ ਸਮੀਖਿਆ ਕਰਨ ਲਈ ਸਹਾਇਤਾ ਕਰਦਾ ਹੈ ਤਾਂ ਜੋ ਕਾਰਜ ਸਥਾਨ ਵਿੱਚ ਤਬਦੀਲੀ ਕੀਤੀ ਜਾ ਸਕੇ ਅਤੇ ਜੋ ਕਾਰਗਰ ਹੁੰਦਾ ਹੈ ਉਸਨੂੰ ਵਧਾਇਆ ਜਾ ਸਕੇ। ਡੁਪਲੀਕੇਸ਼ਨ ਤੋਂ ਬਚਣ ਲਈ, ਵਿਕਾਸ ਨੂੰ ਮੌਜੂਦਾ ਕਾਰਜ ਸਥਾਨ ਪ੍ਰੋਗਰਾਮਾਂ ਜਿਵੇਂ ਕਿ SAGE, ਅਤੇ ਕਾਰਜ ਸਥਾਨ ਲਿੰਗ ਸਮਾਨਤਾ ਏਜੰਸੀ ਵਰਗੀਆਂ ਏਜੰਸੀਆਂ ਦੇ ਕੰਮ 'ਤੇ ਵਿਚਾਰ ਕਰਨ ਦੀ ਲੋੜ ਹੋਵੇਗੀ।

## ਦਿਹਾਤੀ ਅਤੇ ਦੂਰ-ਦੁਰਾਡੇ ਦੇ ਆਸਟ੍ਰੇਲੀਆ ਵਿੱਚ STEM

ਖੇਤਰੀ ਅਤੇ ਦੂਰ-ਦੁਰਾਡੇ ਦੇ ਆਸਟ੍ਰੇਲੀਆਈ ਸਥਾਨਾਂ ਵਿੱਚ STEM ਸਿੱਖਿਆ ਅਤੇ ਕਾਰਜ ਸਥਾਨਾਂ ਤੱਕ ਪਹੁੰਚਯੋਗਤਾ ਵਧੇਰੇ ਸੀਮਤ ਹੈ। ਇੱਥੇ ਸ਼ਹਿਰ ਅਤੇ ਦੇਸ਼ ਵਿਚਲੇ ਪਾੜੇ ਨੂੰ ਪੂਰਾ ਕਰਨ ਦਾ ਮੌਕਾ ਹੈ। ਇੰਟਰਨੈਟ ਤੱਕ ਪਹੁੰਚ ਇੱਕ ਰੁਕਾਵਟ ਹੈ, ਇਸ ਲਈ ਸੰਚਾਰ ਦੇ ਵਿਕਲਪਕ ਤਰੀਕਿਆਂ ਦੀ ਲੋੜ ਹੈ।

ਇਸ ਪਾੜੇ ਨੂੰ ਭਰਨ ਵਿੱਚ ਮੱਦਦ ਕਰਨ ਲਈ, ਜਾਂ ਤਾਂ ਇੱਕ ਪ੍ਰੋਗਰਾਮ ਬਣਾਉਣ, ਜਾਂ ਇਹਨਾਂ ਖੇਤਰਾਂ ਵਿੱਚ STEM ਦੀ ਸ਼ਮੂਲੀਅਤ ਪ੍ਰਦਾਨ ਕਰਨ ਵਾਲੀਆਂ ਮੌਜੂਦਾ ਸੰਸਥਾਵਾਂ ਨੂੰ ਸਪਾਂਸਰ ਕਰਨ ਅਤੇ ਉਨ੍ਹਾਂ ਨਾਲ ਕੰਮ ਕਰਨ ਦਾ ਮੌਕਾ ਹੈ। ਉਦਾਹਰਨ ਲਈ Questacon, ਵਿਗਿਆਨ ਅਤੇ ਇੰਜੀਨੀਅਰਿੰਗ ਚੈਲੇਂਜ , ਅਤੇ ਖੇਤਰੀ STEM ਪ੍ਰਦਾਤਾਵਾਂ ਦੁਆਰਾ ਮਜ਼ਬੂਤ ਖੇਤਰੀ ਅਤੇ ਰਿਮੋਟ ਡਿਲੀਵਰੀ ਦਾ ਵਿਸਥਾਰ ਅਤੇ ਤਾਲਮੇਲ ਕਰਨ ਲਈ।

ਇਹ ਖੇਤਰੀ ਅਤੇ ਦੂਰ-ਦੁਰਾਡੇ ਆਸਟ੍ਰੇਲੀਆ ਵਿੱਚ ਸੇਵਾਵਾਂ, ਸਿੱਖਿਆ ਅਤੇ ਰੁਜ਼ਗਾਰ ਤੱਕ ਪਹੁੰਚ ਨੂੰ ਵਧਾਉਣ ਲਈ ਸਰਕਾਰ ਦੇ ਵਿਆਪਕ ਕੰਮ ਦੀ ਪੂਰਤੀ ਕਰੇਗਾ।

## ਇੰਜੀਨੀਅਰਿੰਗ, ਗਣਿਤ ਅਤੇ ਤਕਨਾਲੋਜੀ ਵਿੱਚ ਮੌਜੂਦਾ ਪ੍ਰੋਗਰਾਮਾਂ ਨਾਲ ਚੁਣੌਤੀਆਂ ਦਾ ਹੱਲ ਕਰੋ

ਇੰਜਨੀਅਰਿੰਗ, ਤਕਨਾਲੋਜੀ ਅਤੇ ਗਣਿਤ ਦੇ ਉੱਚ ਪੱਧਰਾਂ ਵਿੱਚ ਘੱਟ-ਨੁਮਾਇੰਦਗੀ ਵਾਲੇ ਸਮੂਹਾਂ ਦੀ ਵਧੀ ਹੋਈ ਸ਼ਮੂਲੀਅਤ ਨੂੰ ਸਮਰਥਨ ਦੇਣ ਲਈ ਇੱਕ ਪ੍ਰੋਗਰਾਮ ਵਿਕਸਿਤ ਕਰਨ ਦਾ ਮੌਕਾ ਹੈ। ਇਸ ਵਿੱਚ ਫਸਟ ਨੇਸ਼ਨਜ਼ ਆਸਟ੍ਰੇਲੀਆਈ ਲੋਕਾਂ 'ਤੇ ਸ਼ੁਰੂਆਤੀ ਫੋਕਸ ਹੋ ਸਕਦਾ ਹੈ, ਕਿਉਂਕਿ *ਬਿਗ ਮੋਬ STEM ਰਿਪੋਰਟ ਵਿੱਚ* ਪਛਾਣ ਕੀਤੀ ਗਈ ਹੈ ਕਿ ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ ਵਿੱਚ ਭਾਗ ਲੈਣ ਲਈ ਫਸਟ ਨੇਸ਼ਨਜ਼ ਦੇ ਲੋਕਾਂ ਵਿੱਚ ਤੁਰੰਤ ਨਿਵੇਸ਼ ਕਰਨ ਦੀ ਲੋੜ ਹੈ।

ਹੋਰ ਸਮੂਹਾਂ 'ਤੇ ਵਿਚਾਰ ਕੀਤਾ ਜਾਵੇਗਾ, ਕਿਉਂਕਿ STEM ਵਿੱਚ ਔਰਤਾਂ ਦੀ ਸਹਾਇਤਾ ਲਈ ਮੌਜੂਦਾ ਪ੍ਰੋਗਰਾਮਾਂ ਦਾ ਵਿਸ਼ਲੇਸ਼ਣ ਇਹ ਦਰਸਾਉਂਦਾ ਹੈ ਕਿ ਔਰਤਾਂ ਅਤੇ ਲੜਕੀਆਂ ਲਈ ਗਣਿਤ ਵਿੱਚ ਵਿਸ਼ਵਾਸ ਅਤੇ ਸ਼ਮੂਲੀਅਤ ਪੈਦਾ ਕਰਨ ਲਈ ਸਮਰਥਨ ਸੀਮਤ ਹਨ। STEM ਇਕੁਇਟੀ ਮਾਨੀਟਰ ਇਹ ਦਰਸਾਉਂਦਾ ਹੈ ਕਿ 12ਵੀਂ ਜਮਾਤ ਵਿੱਚ ਇੰਜੀਨੀਅਰਿੰਗ, ਤਕਨਾਲੋਜੀ ਅਤੇ ਉੱਚ ਗਣਿਤ ਦੇ ਵਿਸ਼ਿਆਂ ਵਿੱਚ ਘੱਟ ਕੁੜੀਆਂ ਦਾਖਲ ਹੁੰਦੀਆਂ ਹਨ।

ਸਲਾਹਕਾਰ ਕੌਂਸਲ, ਆਸਟ੍ਰੇਲੀਆਈ ਸਰਕਾਰ ਦੇ ਵਿਭਾਗ ਦੁਆਰਾ ਸਮਰਥਤ, STEM ਪ੍ਰੋਗਰਾਮਾਂ ਵਿੱਚ ਵਿਭਿੰਨਤਾ ਦੀ ਹੋਰ ਮੈਪਿੰਗ ਅਤੇ ਵਿਸ਼ਲੇਸ਼ਣ ਕਰ ਸਕਦੀ ਹੈ। ਇਹ ਉਹਨਾਂ ਦੇ ਸਿੱਖਿਆ ਮਾਰਗ ਦੇ ਨਾਲ ਖ਼ਾਸ STEM ਅਨੁਸ਼ਾਸਨਾਂ ਵਿੱਚ ਘੱਟ-ਨੁਮਾਇੰਦਗੀ ਵਾਲੇ ਸਮੂਹਾਂ ਨੂੰ ਸ਼ਾਮਲ ਕਰਨ ਲਈ ਪਾੜਿਆਂ ਅਤੇ ਸਫ਼ਲ ਪਹੁੰਚਾਂ ਦੀ ਪਛਾਣ ਕਰੇਗਾ। ਇਹ ਇਸ ਪ੍ਰੋਗਰਾਮ ਨੂੰ ਵਿਕਸਤ ਕਰਨ ਲਈ ਸੰਬੰਧਿਤ ਸਮੂਹਾਂ ਨਾਲ ਵੀ ਸਲਾਹ-ਮਸ਼ਵਰਾ ਕਰੇਗਾ।